੧ੴ ਸਤਿਗੁਰ ਪ੍ਰਸਾਦਿ ॥

## ਬੁੱਢੀ ਜਿਵਿਆਂ ਦੀ ਅਦਰਸ਼ਕ ਵਿਚਾਰਧਾਰਾ ਦਾ ਸੰਗ੍ਰਹਿ

# ਪੁਸ਼ਪਾਂਜਲੀ

ਲੇਖਕ : ਪਿਆਰਾ ਸਿੰਘ ਪਦਮ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਪੁਸ਼ਪਾਂਜਲੀ

**-1-**

ਓ ਫੁੱਲਾਂ ਦਿਆ ਵਾਲੀਆ ! ਪੁਸ਼ਪਾਂ ਦਿਆ ਸੁਆਮੀਆ ! ਤੇਰੀ ਸੁੰਦਰਤਾ ਦੇ ਬੇਅੰਤ ਪੁਸ਼ਪ ਹਰ ਥਾਂ ਮੁਸਕਰਾਂਦੇ ਨਜ਼ਰ ਆ ਰਹੇ ਹਨ, ਮੈਂ ਇਨ੍ਹਾਂ ਨੂੰ ਆਪਣੇ ਪੱਲੇ ਵਿਚ ਪਾਉਣ ਦਾ ਯਤਨ ਕਰਦਾ ਹਾਂ, ਪਰ ਮੇਰੀ ਝੋਲੀ ਸੱਚਮੁੱਚ ਛੋਟੀ ਹੈ।

**-2-**

ਪ੍ਰਭੂ ! ਪੁਸ਼ਪ ਤੇਰੇ ਖ਼ਾਸ ਖ਼ਾਸ ਖ਼ਿਆਲ ਹੀ ਹਨ, ਜੋ ਤੂੰ ਵਿਸਮਾਦ ਵਿਚ ਆ ਕੇ ਸੋਚਦਾ ਹੈਂ। ਇਨ੍ਹਾਂ ਦੀ ਗੰਭੀਰਤਾ, ਸੁੰਦਰਤਾ ਤੇ ਨਿਖਾਰ ਤਕ ਬੇਚਾਰੇ ਫਿਲਾਸਫਰ ਨਹੀਂ ਪੁੱਜ ਸਕਦੇ।

**-3-**

ਪਰਮੇਸ਼ਰ ਬੜੀਆਂ ਬੜੀਆਂ ਬਾਦਸ਼ਾਹੀਆਂ ਤੋਂ ਅੱਕ ਜਾਂਦਾ ਹੈ, ਪਰ ਫੁੱਲਾਂ ਤੋਂ ਕਦੀ ਵੀ ਨਹੀਂ ਘਬਰਾਂਦਾ।

**-4-**

ਮੇਰੇ ਸੁਆਮੀ ! ਸਾਡੀ ਭੇਟਾ ਤੇਰੀ ਵਡਿਆਈ ਅਨੁਸਾਰ ਨਹੀਂ, ਸਗੋਂ ਸਾਡੇ ਆਪਣੇ ਵਿੱਤ ਅਨੁਸਾਰ ਹੀ ਹੁੰਦੀ ਹੈ।

**-5-**

ਮਾਲਕ ! ਕਵੀ ਦੇ ਸ਼ਬਦਾਂ ਦੇ ਅਰਥ ਲੋਕ ਆਪਣੀ ਮਨਮਰਜ਼ੀ ਅਨੁਸਾਰ ਕਰਦੇ ਹਨ, ਪਰ ਉਨ੍ਹਾਂ ਦਾ ਅਸਲ ਨਿਸ਼ਾਨਾ ਤੂੰ ਹੀ ਹੈਂ। (ਟੈਗੋਰ)

**-6-**

ਫੁੱਲ ਕਿਸੇ ਦਾ ਕੀ ਸੁਆਰਦੇ ਹਨ, ਨਾ ਉਹ ਖਾਣ ਦੇ ਕੰਮ ਆ ਸਕਦੇ ਹਨ ਤੇ ਨਾ ਪਹਿਨਣ ਦੇ, ਪਰੰਤੂ ਸਭ ਨੂੰ ਚੰਗੇ ਜ਼ਰੂਰ ਲੱਗਦੇ ਹਨ, ਚੰਗੇ ਲੱਗ ਸਕਣਾ ਇਕ ਬਹੁਤ ਵੱਡਾ ਰੂਹਾਨੀ ਗੁਣ ਹੈ।

**-7-**

ਕਿਸੇ ਫੁੱਲਵਾੜੀ ਨੂੰ ਸਿੰਚਨ ਕਰਨਾ ਰੱਬ ਦੇ ਨਾਲ ਨਾਲ ਸੈਰ ਕਰਨ ਬਰਾਬਰ ਹੀ ਹੈ। ਜੇ ਮੇਰੇ ਸੁਕਰਮ ਸੰਪੂਰਨਤਾ ਤਕ ਅਪੜ ਗਏ ਹੋਣ, ਮੈਂ ਸੁਰਗੀ ਬਾਦਸ਼ਾਹੀ ਨਾਲੋਂ ਫੁੱਲ-ਬਗ਼ੀਚਿਆਂ ਦਾ ਮਾਲੀ ਬਣਨਾ ਪਸੰਦ ਕਰਾਂਗਾ।

**-8-**

ਲੋਕੀਂ ਮੈਥੋਂ ਸੁਰਗ ਦਾ ਪਤਾ ਪੁੱਛਦੇ ਹਨ, ਮੈਂ ਫੁੱਲਵਾੜੀ ਵੱਲ ਇਸ਼ਾਰਾ ਕਰ ਦੇਂਦਾ ਹਾਂ।

-9-

ਫੁੱਲ ਮਨੁੱਖ ਦੇ ਜੀਵਨ-ਮਰਨ ਦੇ ਸਾਥੀ ਹਨ, ਖ਼ੁਸ਼ੀ ਸਮੇਂ ਗਲ ਵਿਚ ਤੇ ਮਰਨ ਬਾਅਦ ਕਬਰ 'ਤੇ ਸ਼ੋਭਾ ਪਾਉਂਦੇ ਹਨ।

-10-

ਸਾਨੂੰ ਧਰਤੀ 'ਤੇ ਹੀ ਰਹਿਣ ਦਿਓ, ਇਥੋਂ ਅਸੀਂ ਬਹਿਸ਼ਤ ਲਈ ਸੋਹਣੇ ਸੋਹਣੇ ਫੁੱਲ ਇਕੱਤਰ ਕਰ ਕੇ ਲਿਜਾਣੇ ਹਨ।

-11-

ਨਾ ਅਸਮਾਨੀ ਫੁੱਲਾਂ-ਸਿਤਾਰਿਆਂ ਬਿਨਾਂ ਆਕਾਸ਼ ਸੱਜ ਸਕਦਾ ਹੈ ਤੇ ਨਾ ਹੀ ਫੁੱਲਾਂ ਬਿਨਾਂ ਧਰਤੀ ਦਾ ਸ਼ਿੰਗਾਰ ਸੰਪੂਰਨ ਹੁੰਦਾ ਹੈ।

-12-

ਸਾਡਾ ਰੱਬ ਗੁੰਗਾ ਨਹੀਂ, ਦਰਅਸਲ ਅਸੀਂ ਆਪ ਹੀ ਬੋਲੇ ਹਾਂ, ਜੋ ਉਸ ਦੀਆਂ ਉੱਚੀਆਂ ਆਵਾਜ਼ਾਂ ਸੁਣਨੋਂ ਵੀ ਅਸਮਰੱਥ ਹਾਂ।

-13-

ਮੇਰੇ ਪ੍ਰਭੂ ! ਜਿਨ੍ਹਾਂ ਪਾਸ ਸਬਰ ਵੀ ਨਹੀਂ, ਉਹ ਲੋਕ ਬਿਚਾਰੇ ਕਿਤਨੇ ਗ਼ਰੀਬ ਹੋਣਗੇ।

-14-

ਜਿਨ੍ਹਾਂ ਪਾਸ ਦੁਨੀਆਂ ਦੀ ਦੌਲਤ ਹੈ, ਉਹ ਕੰਗਾਲ ਹਨ। ਸੰਸਾਰ ਦੇ ਅਸਲ ਅਮੀਰ ਮਨੁੰਖ ਉਹੋ ਹਨ, ਜਿਨ੍ਹਾਂ ਪਾਸ 'ਤੂੰ' ਹੈਂ। (ਗੁਰੂਨਾਨਕ)

-15-

ਈਸ਼ਵਰ ਨੇ ਆਪਣਾ ਪ੍ਰਭਾਵ ਪਾਉਣ ਲਈ ਕੋਈ ਖ਼ਾਸ ਚਮਤਕਾਰ ਨਹੀਂ ਦਿਖਾਏ, ਉਸ ਦੇ ਆਮ ਕੰਮ ਹੀ ਬੜੇ ਹੈਰਾਨੀ-ਭਰਪੂਰ ਹਨ। (ਬੇਕਨ)

-16-

ਜਦ ਤਕ ਕੀੜੇ ਪਤੰਗੇ ਵੀ ਮੁਕਤ ਨਾ ਹੋ ਜਾਣ, ਮੈਂ ਆਪਣੀ ਮੁਕਤੀ ਦਾ ਖ਼ਿਆਲ ਤਕ ਲਿਆਉਣਾ ਪਸੰਦ ਨਹੀਂ ਸਕਦਾ। (ਮਹਾਤਮਾ ਬੁੱਧ)

-17-

ਫਿਲਾਸਫੀਆਂ ਪੜ੍ਹਨ ਨਾਲ ਮਨੁੰਖ ਪੰਡਿਤ ਜ਼ਰੂਰ ਹੋ ਜਾਂਦਾ ਹੈ, ਮਗਰ ਚੰਗੇ ਮਨੁੰਖ ਕੇਵਲ ਰੂਹਾਨੀ ਬਾਣੀ ਦੇ ਪਾਠ-ਵੀਚਾਰ ਨਾਲ ਹੀ ਬਣ ਸਕੀਦਾ ਹੈ। (ਫੀਲਡਿੰਗ)

-18-

ਸ਼ਾਂਤੀ, ਸੰਗਰਾਮ ਵਿੱਚੋਂ ਹੀ ਪੈਦਾ ਹੁੰਦੀ ਹੈ, ਕੋਈ ਵੀ ਹੁਸੀਨ ਨਿਪੁੰਸਕਤਾ ਵਿੱਚੋਂ ਨਹੀਂ ਜਨਮ ਸਕਦਾ।

-19-

ਸਭ ਤੋਂ ਪਵਿੱਤਰ ਪਿਆਰ ਉਹ ਹੈ, ਜੋ ਕਦੀ ਕਿਵੇਂ ਪਰਗਟ ਨਹੀਂ ਕੀਤਾ ਗਿਆ। (ਕਾਰਲਾਇਲ)

-2●-

ਰੱਬ ਮਿੱਟੀ ਘੱਟੇ ਵਿਚ ਖੇਲਦੇ ਬੱਚਿਆਂ ਨੂੰ ਤੱਕ ਕੇ ਆਪਣੇ ਪੁਜਾਰੀ ਨੂੰ ਭੁੱਲ ਜਾਂਦਾ ਹੈ। (ਟੈਗੋਰ)

-21-

ਨੇਕ ਪੁਰਸ਼ਾਂ ਦੀ ਬੋਲੀ ਕੋਮਲ ਤੇ ਧੀਮੀ ਹੁੰਦੀ ਹੈ, ਉਹ ਕਠੋਰਤਾ ਦੇ ਔਗੁਣਾਂ ਤੋਂ ਚੰਗੇ ਜਾਣੂਹੁੰਦੇ ਹਨ। (ਕਨਫਿਊਸ਼ਸ)

-22-

ਜਦੋਂ ਦੋ ਧਰਮਾਂ ਵਾਲੇ ਲੋਕ ਆਪਸ ਵਿਚ ਝਗੜ ਰਹੇ ਹੋਣ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਧਰਮ ਇਨ੍ਹਾਂ ਦੇ ਨੇੜੇ-ਤੇੜੇ ਨਹੀਂ। (ਰਾਵਸਟਨ)

-23-

ਜੋ ਧਰਤੀ ਵਿਚ ਬੀਜ ਬੀਜ ਕੇ ਅਨਾਜ ਪੈਦਾ ਕਰਦਾ ਹੈ, ਉਹ ਹਜ਼ਾਰ ਵੇਰ ਫੋਕਾ ਮੰਤਰ ਰਟਣ ਵਾਲੇ ਨਾਲੋਂ ਜ਼ਿਆਦਾ ਧਰਮੀ ਹੈ। (ਚੰਦਾਵਸਤਾ)

-24-

ਜੋ ਬਾਹਰੋਂ ਸਾਫ਼ ਸੁਥਰਾ ਮਗਰ ਅੰਦਰੋਂ ਅੰਦਰੋਂ ਮੈਲਾ ਹੈ, ਉਹ ਦੋਜ਼ਖ਼ ਦੀ ਚਾਬੀ ਨਾਲ ਲਈ ਫਿਰਦਾ ਹੈ। (ਸੁੰਦ੍ਰਦਾਸ)

-25-

ਮਰਦ ਪੜ੍ਹ ਕੇ ਇਕੱਲਾ ਹੀ ਵਿਦਵਾਨ ਹੁੰਦਾ ਹੈ, ਜੇ ਇਸਤਰੀ ਪੜ੍ਹ ਜਾਵੇ ਤਾਂ ਸਾਰਾ ਪਰਿਵਾਰ ਬੁੱਧੀਮਾਨਤਾ ਹਾਸਲ ਕਰ ਸਕਦਾ ਹੈ।

-26-

ਆਪਣੀ ਪੀੜਾ ਤਾਂ ਪਸ਼ੂ-ਪੰਛੀ ਵੀ ਜਾਣਦੇ ਹਨ, ਮਨੁੱਖ ਉਹ ਹੈ ਜੋ ਦੂਸਰਿਆਂ ਦੀ ਵੇਦਨਾ ਨੂੰ ਵੀ ਅਨੁਭਵ ਕਰੇ। (ਰਸ ਨਿਧੀ)

-27-

ਅਗਰ ਤੁਸੀਂ ਭਿਖਾਰੀ ਨੂੰ ਖ਼ੈਰ ਨਹੀਂ ਦੇ ਸਕਦੇ, ਜ਼ਰਾ ਸ਼ਬਦ ਤਾਂ ਮਿੱਠੇ ਬੋਲੋ, ਉਹ ਤੁਹਾਨੂੰ ਮਧੁਰ ਆਸ਼ੀਰਵਾਦ ਦੇਂਦਾ ਜਾਏਗਾ। (ਹੈਰਕ)

-28-

ਦੋਸਤ ਦਾ ਮਿਲਣ ਸਮੇਂ ਆਦਰ, ਪਿੱਠ ਪਿੱਛੇ ਪ੍ਰਸ਼ੰਸਾ ਤੇ ਲੋੜ ਸਮੇਂ ਸਹਾਇਤਾ ਕਰੋ। (ਅਰਸਤੂ)

-29-

ਜ਼ਿੰਦਗੀ ਦੇ ਬੂਟੇ ਨੂੰ ਭਿੰਨੀ ਭਿੰਨੀ ਖ਼ੁਸ਼ਬੋ ਦੇਣ ਵਾਲੇ ਫੁੱਲ ਹਮੇਸ਼ਾਂ ਨਹੀਂ ਲੱਗਦੇ, ਇਹ ਵੀ ਇਕ ਖ਼ਾਸ ਮੌਸਮ ਹੀ ਹੁੰਦਾ ਹੈ।

-30-

ਚੰਗੀ ਕਿਸਮਤ ਪੁਸ਼ਾਕ ਵਾਂਗ ਨਹੀਂ, ਜਦ ਮਰਜ਼ੀ ਪਹਿਨ ਲਈ ਤੇ ਜਦ ਮਰਜ਼ੀ ਲਾਹ ਦਿੱਤੀ। ਇਹ ਵੀ ਘੜੀਆਂ ਪਲ ਦੇਖ ਕੇ, ਖ਼ਾਸ ਮੌਕੇ 'ਤੇ ਹੀ ਆਉਂਦੀ ਹੈ।

-31-

ਤੂੰ ਬਾਗ਼ ਵਿਚ ਜਾ ਕੇ ਗੁਲਾਬ ਤੇ ਨਰਗਸ 'ਤੇ ਕਿਉਂ ਮੋਹਤ ਹੋ ਰਿਹਾ ਹੈਂ, ਇਹ ਤਾਂ ਆਪ ਤੇਰੇ ਮਤਵਾਲੇ ਹੋਏ, ਨੈਣ ਉਘਾੜ ਤੈਨੂੰ ਤੱਕ ਰਹੇ ਹਨ। (ਨਿਜ਼ਾਮੀ)

-32-

ਸਾਰਾ ਸੰਸਾਰ ਹੀ ਮਹਾਂਪੁਰਸ਼ਾਂ ਦੀ ਤਲਾਸ਼ ਵਿੱਚ ਹੈ, ਮਹਾਂਪੁਰਸ਼ ਸੰਸਾਰ ਦੀ ਢੂੰਡ ਵਿੱਚ ਨਹੀਂ। (ਕਾਲੀਦਾਸ)

-33-

ਇਸ ਧਰਤੀ ਦੇ ਹੇਠ ਕੋਈ ਨਰਕ ਨਹੀਂ, ਕੀ ਆਪਣੀ ਹੀ ਸੰਤਾਨ ਨੂੰ ਸਾੜਨ ਲਈ ਰੱਬ ਆਪ ਨਰਕ ਬਣਾ ਸਕਦਾ ਹੈ, (ਹਬਸ਼ੀ ਮਾਤਾ ਸੰਤ ਕੰਥਰਾਇਨ)

-34-

ਦੂਸਰਿਆਂ ਦੀਆਂ ਸਿਫ਼ਤਾਂ 'ਤੇ ਆਪਣਿਆਂ ਔਗੁਣਾਂ ਦਾ ਸਦਾ ਧਿਆਨ ਰੱਖੋ। (ਗੋਖਲੇ)

-35-

ਕੁਝ ਲੋਕ ਨੇਕ ਕੰਮ ਕਰਨ ਲਈ ਅਸਮਰੱਥ, ਪਰ ਬੁਰਾਈ ਕਰਨ ਲਈ ਬਹੁਤ ਬਲਵਾਨ ਸਿੱਧ ਹੁੰਦੇ ਹਨ।

-36-

ਸੰਕਟ ਤੇ ਮੁਸ਼ਕਲਾਂ ਜ਼ਿੰਦਗੀ ਦੀਆਂ ਉਸਤਾਦ ਹਨ, ਇਨ੍ਹਾਂ ਬਿਨਾਂ ਤੁਸੀਂ ਕੁਝ ਵੀ ਠੀਕ ਠੀਕ ਨਹੀਂ ਸਿੱਖ ਸਕਦੇ। (ਬਰਕ)

-37-

ਲੱਖਪਤੀ ਹੋਣ ਦੀ ਨਿਸਬਤ ਮੈਨੂੰ ਮੁਸਕਰਾਂਦੇ ਰਹਿਣਾ ਜ਼ਿਆਦਾ ਕੀਮਤੀ ਜਾਪਦਾ ਹੈ। (ਹਿਊਮ)

-38-

ਇਕ ਚੰਗੀ ਪੁਸਤਕ ਤਿਆਰ ਕਰਨ ਲਈ ਚੰਗੀ ਵੱਡੀ ਲਾਇਬ੍ਰੇਰੀ, ਘੱਟ ਤੋਂ ਘੱਟ ਅੱਧੀ ਕੁ ਤਾਂ ਜ਼ਰੂਰ ਫੋਲ ਮਾਰਨੀ ਹੀ ਚਾਹੀਦੀ ਹੈ। (ਜੌਨਸਨ)

-39-

ਮੌਤ ਥਕਾਵਟ ਵਾਂਗ ਹੈ, ਸੱਚਾ ਅੰਤ ਤਾਂ ਅਨੰਤ ਦੀ ਗੋਦ ਵਿਚ ਹੀ ਸਮਾਇਆ ਹੋਇਆ ਹੈ। (ਟੈਗੋਰ)

-4●-

ਜੋ ਮਨੁੱਖ ਕਦੀ ਹੱਸਦਾ ਨਹੀਂ, ਉਹ ਭਿਆਨਕ ਤੋਂ ਭਿਆਨਕ ਕੰਮ ਤੇ ਸਾਜ਼ਸ਼ ਵੀ ਕਰ ਸਕਦਾ ਹੈ।

-41-

ਸੰਸਾਰ ਵਿਚ ਇਸਤਰੀਆਂ ਦਾ ਹੀ ਰਾਜ ਹੈ। ਮਾਵਾਂ, ਧੀਆਂ, ਪਤਨੀਆਂ ਦੇ ਰੂਪ ਵਿਚ ਉਹੋ ਹੀ ਇਸ ਸਲਤਨਤ ਦਾ ਵਾਧਾ ਕਰਦੀਆਂ ਹਨ। (ਮਾਤ੍ਰੀ ਗੋਮਤੀ)

-42-

ਜੀਵਨ ਦਾ ਇਤਨਾ ਲੰਮਾ ਸਮਾਂ ਸਾਨੂੰ ਇਸ ਲਈ ਦਿੱਤਾ ਗਿਆ ਹੈ ਤਾਂ ਕਿ ਅਸੀਂ ਇਥੋਂ ਮੌਤ ਲਈ ਪੂਰੀ ਪੂਰੀ ਤਿਆਰੀ ਕਰੀਏ।

-43-

ਆਪਣੇ ਪੇਟ ਵਿਚ ਪਸ਼ੂ-ਪੰਛੀਆਂ ਦੀ ਕਬਰ ਨਾ ਬਣਾਓ। (ਹਜ਼ਰਤ ਅਲੀ)

-44-

ਜਿਹੜੀ ਰਾਤ ਕਬਰ ਵਿਚ ਆਉਣੀ ਹੈ, ਉਹ ਕਦੀ ਬਾਹਰ ਨਹੀਂ ਆ ਸਕਦੀ। (ਲੈਨਿਨ)

-45-

ਮੈਂ ਮਰਨ ਲਈ ਹਰ ਵੇਲੇ ਤਿਆਰ ਹਾਂ, ਮੈਨੂੰ ਵਾਧੂ ਉਡੀਕ ਵਿਚ ਨਾ ਰੱਖਿਆ ਜਾਵੇ। (ਜੌਹਨ ਬ੍ਰਾਊਨ)

-46-

ਜਦ ਮੋਮਨ ਨੂੰ ਆਪਣੀ ਸੂਰਤ 'ਤੇ ਵਾਧੂ ਨਾਜ਼ ਹੋ ਜਾਵੇ ਤਾਂ ਉਸ ਦੇ ਈਮਾਨ ਨੂੰ ਅੱਗ ਲੱਗ ਜਾਂਦੀ ਹੈ। (ਹਜ਼ਰਤ ਉਸਮਾਨ)

-47-

ਉਹ ਕੋਈ ਆਦਮੀ ਨਹੀਂ, ਜਿਸ ਤੋਂ ਮਿੱਤਰ ਨੂੰ ਕੋਈ ਆਸ ਨਹੀਂ ਅਤੇ ਦੁਸ਼ਮਨ ਨੂੰ ਕੋਈ ਡਰ ਭੈ ਨਹੀਂ।

-48-

ਆਪਣੀ ਕਮਜ਼ੋਰੀ ਨੂੰ ਮੰਨ ਲੈਣਾ ਕੋਈ ਅਪਮਾਨ ਨਹੀਂ, ਉਸ ਨੂੰ ਦਰੁਸਤ ਕਰਨ ਲਈ ਕੋਈ ਯਤਨ ਨਾ ਕਰਨਾ ਭਾਰੀ ਅਪਮਾਨ ਵਾਲੀ ਗੱਲ ਹੈ। (ਲਿੰਕਨ)

-49-

ਜੇਕਰ ਤੁਸੀਂ ਆਪਣੀ ਸਿਆਣਪ ਜਤਾਉਣ ਲਈ ਕਿਸੇ ਸਿਆਣੇ ਅੱਗੇ ਜ਼ਿਆਦਾ ਗੱਲਾਂ ਕਰੋਗੇ ਤਾਂ ਤੁਹਾਡੀ ਮੂਰਖਤਾ ਪ੍ਰਗਟ ਹੋਵੇਗੀ। (ਸ਼ੇਖ਼ ਸਾਅਦੀ)

-5●-

ਕਿਸੇ ਵੱਲੋਂ ਆਪਣੇ ਨਾਲ ਕੀਤੀ ਬੁਰਿਆਈ ਨੂੰ ਲਿਖੋ ਪਰ ਰੇਤ ਉੱਤੇ, ਮਗਰ ਭਲਾਈ ਨੂੰ ਪੱਥਰ 'ਤੇ ਉਕਰ ਕੇ ਰੱਖੋ। (ਸੁਕਰਾਤ)

-51-

ਕਿਸੇ ਬੁਰੇ ਕੰਮ ਨੂੰ ਦੁਬਾਰਾ ਨਾ ਕਰਨਾ ਹੀ ਉਸ ਦਾ ਸਹੀ ਪ੍ਰਾਸ਼ਚਿਤ ਹੈ।

-52-

ਬੁੱਧੀਮਾਨਤਾ ਦੀ ਸੰਪੂਰਨਤਾ ਨੇਕ ਕਰਣੀ ਵਿਚ ਹੈ, ਇਸ ਤੋਂ ਬਿਨਾਂ ਲਿਆਕਤ ਕੋਈ ਲਿਆਕਤ ਨਹੀਂ। (ਗੁਰੂਨਾਨਕ)

-53-

ਜਦੋਂ ਕਿਸੇ ਕੰਮ ਦੀ ਅਸਲੀਅਤ ਸਮਝ ਨਾ ਆਵੇ, ਉਸ ਨੂੰ ਕਰਕੇ ਹੀ ਵੇਖ ਲੈਣਾ ਚਾਹੀਦਾ ਹੈ। (ਕਾਰਲਾਈਲ)

-54-

ਮੈਨੂੰ ਇਹ ਦੱਸ ਦਿਓ ਕਿ ਉਹ ਕਿਸ ਆਦਮੀ ਨਾਲ ਰਹਿੰਦਾ ਹੈ, ਮੈਂ ਤੁਹਾਨੂੰ ਫ਼ੌਰਨ ਦੱਸ ਦਿਆਂਗਾ ਕਿ ਉਹ ਕਿਹੋ ਜੇਹਾ ਹੈ। (ਲਾਵਲ)

-55-

ਆਸਤਿਕ ਸਖ਼ਤ ਤੋਂ ਸਖ਼ਤ ਬਿਪਤਾ ਵੀ ਮਰਦਾਂ ਵਾਂਗ ਝੱਲ ਸਕਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਸੰਸਾਰ ਦੀ ਸਭ ਤੋਂ ਵੱਡੀ ਸ਼ਕਤੀ ਉਸ ਦੇ ਨਾਲ ਹੈ।

-56-

ਗ਼ਰੀਬ ਦੇ ਦਰਵਾਜ਼ੇ 'ਤੇ ਰੱਬ ਤੋਂ ਸਿਵਾ ਹੋਰ ਕੋਈ ਕਦੀ ਨਹੀਂ ਜਾਂਦਾ। (ਟੈਗੋਰ)

-57-

ਬੱਚੇ ਦਾ ਦਿਲ ਦਿਮਾਗ਼ ਸਫ਼ੈਦ ਕਾਗਜ਼ ਵਾਂਗ ਹੈ। ਉਸ 'ਤੇ ਜੈਸਾ ਲਿਖ ਦਿਓਗੇ, ਵੈਸਾ ਪੜ੍ਹਿਆ ਜਾਵੇਗਾ।

-58-

ਮੈਂ ਬੁਰਿਆਂ ਦੀ ਬਾਹਰ ਢੂੰਡ-ਭਾਲ ਕਰਦਾ ਰਿਹਾ, ਅੰਦਰ ਝਾਤੀ ਮਾਰਨ 'ਤੇ ਪਤਾ ਲੱਗਾ ਕਿ ਮੈਂ ਹੀ ਸਭ ਤੋਂ ਬੁਰਾ ਹਾਂ। (ਕਬੀਰ)

-59-

ਬੇੜੀ ਪਾਣੀ ਵਿਚ ਰਹੇ ਕੋਈ ਹਰਜ ਨਹੀਂ, ਜਦੋਂ ਪਾਣੀ ਹੀ ਬੇੜੀ ਵਿਚ ਆ ਪਵੇ, ਉਦੋਂ ਮਾੜਾ ਹੁੰਦਾ ਹੈ।ਅਸੀਂ ਬੇਸ਼ੱਕ ਸੰਸਾਰ ਵਿਚ ਰਹੀਏ ਪਰ ਸੰਸਾਰ ਸਾਡੇ ਦਿਲ ਵਿਚ ਨਹੀਂ ਸਮਾਉਣਾ ਚਾਹੀਦਾ (ਰਾਮ ਕ੍ਰਿਸ਼ਨ ਪਰਮਹੰਸ)

-60-

ਜਿਵੇਂ ਫਟੇ-ਪੁਰਾਣੇ ਕੱਪੜੇ ਬਦਲ ਕੇ ਨਵੀਂ ਪੁਸ਼ਾਕ ਪਹਿਨ ਲਈਦੀ ਹੈ, ਇਸੇ ਤਰ੍ਹਾਂ ਆਤਮਾ ਮੌਤ ਰਾਹੀਂ ਪੁਰਾਣਾ ਲਿਬਾਸ ਉਤਾਰ ਕੇ ਨਵਾਂ ਚੋਲਾ ਜਾ ਪਹਿਨਦੀ ਹੈ। (ਗੀਤਾ)

-61-

ਲਹੂਦੀ ਕਮੀ ਕਾਰਨ ਵਾਯੂਨਾਲ ਸਰੀਰ ਫੁੱਲ ਜਾਂਦਾ ਹੈ, ਇਵੇਂ ਬੁੱਧੀ ਦੇ ਘਾਟੇ ਨਾਲ ਅਹੰਕਾਰ ਦੀ ਪੌਣ ਮਨੁੱਖ ਨੂੰ ਫੁਲਾ ਦੇਂਦੀ ਹੈ। (ਬੇਕਨ)

-62-

ਮੈਂ ਕਿਸੇ ਨਾਲ ਮੁਕਾਬਲਾ ਨਹੀਂ ਕਰਾਂਗਾ, ਕਿਉਂਕਿ ਮੈਂ ਜ਼ਿੰਦਗੀ ਨਾਲ ਪ੍ਰੇਮ ਕਰਦਾ ਹਾਂ। (ਰਾਮ ਕ੍ਰਿਸ਼ਨ ਪਰਮਹੰਸ)

-63-

ਤੁਸੀਂ ਕਈ ਸੰਕਟ ਝੱਲੇ, ਫਿਰ ਵੀ ਜੀਉ ਰਹੇ ਹੋ, ਪਰ ਐਸੇ ਸੰਕਟ ਜੋ ਆਏ ਨਹੀਂ, ਤੁਹਾਨੂੰ ਖ਼ਿਆਲ ਹੈ ਕਿ ਸ਼ਾਇਦ ਆ ਜਾਣਗੇ, ਇਨ੍ਹਾਂ ਤੋਂ ਤੁਸੀਂ ਖ਼ਾਹ-ਮਖ਼ਾਹ ਹੀ ਤੰਗ ਹੋ ਰਹੇ ਹੋ।

-64-

ਵਿਦਵਾਨ ਮੂਰਖ ਤੋਂ ਵੀ ਕੁਝ ਸਿੱਖ ਲੈਂਦਾ ਹੈ, ਪਰ ਮੂਰਖ ਉਸ ਤੋਂ ਕੁਝ ਵੀ ਨਹੀਂ ਸਿੱਖ ਸਕਦਾ। (ਐਬੇਵਰੀ)

-65-

ਕਿਸੇ ਦੋਜ਼ਖ਼ ਦੇ ਪ੍ਰਬੰਧਕ ਨੂੰ ਪੁੱਛਿਆ, "ਉਹ ਨਰਕ ਦੇ ਭਿਆਨਕ ਸੰਕਟ ਕਿਥੇ ਕੁ ਹਨ?" ਉਸ ਆਖਿਆ, "ਹਰ ਕੋਈ ਇਥੇ ਆਉਣ ਵਾਲਾ ਆਪਣਾ ਦੋਜ਼ਖ਼ ਨਾਲ ਹੀ ਲਿਆਉਂਦਾ ਹੈ।"

-66-

ਜਿਸ ਦਿਨ ਤੁਸੀਂ ਖਿੜ ਖਿੜਾ ਕੇ ਹੱਸੇ ਨਹੀਂ, ਸਮਝੋ ਉਹ ਦਿਨ ਵੀ ਕਾਲੀ ਬੋਲੀ ਅੰਧੇਰੀ ਰਾਤ ਹੀ ਸੀ, ਜਿਸ ਵਿਚ ਸੂਰਜੀ ਕਿਰਨਾਂ ਵਾਂਗ ਦਮਕਦੇ ਤੁਹਾਡੇ ਮੋਤੀ ਦੰਦ, ਪ੍ਰਕਾਸ਼ ਵਿਚ ਨਹੀਂ ਆਏ।

-67-

ਸਿਫ਼ਰਾਂ ਨੂੰ ਕਈ ਗੁਣਾ ਵਧਾਉਣ ਨਾਲ ਵੀ ਆਖ਼ਰੀ ਜੋੜ ਸਿਫ਼ਰ ਹੀ ਰਹਿੰਦਾ ਹੈ।

-68-

ਸੰਸਾਰ ਤਾਂ ਸ਼ੀਸ਼ੇ ਵਾਂਗ ਹੈ, ਤੁਸੀਂ ਰੋਵੋਗੇ ਤਾਂ ਰੋਏਗਾ, ਹੱਸੋਗੇ ਤਾਂ ਹੱਸਦਾ ਦਿੱਸੇਗਾ।

-69-

ਜਿਤਨੀ ਰਾਤ ਜ਼ਿਆਦਾ ਅੰਧੇਰੀ ਹੋਵੇਗੀ, ਉਤਨਾ ਹੀ ਸਿਤਾਰਿਆਂ ਦਾ ਭਾਗ ਚੰਗਾ ਚਮਕਦਾ ਦਿਖਾਈ ਦੇਵੇਗਾ।

-7●-

ਜੋ ਸਮਾਂ ਗੁਜ਼ਰ ਗਿਆ, ਉਹ ਆਵੇਗਾ ਨਹੀਂ, ਜੋ ਆਉਣ ਵਾਲਾ ਹੈ, ਉਹ ਸ਼ਾਇਦ ਤੁਹਾਡੇ ਲਈ ਨਾ ਹੀ ਆਵੇ।

-71-

ਜੋ ਦੂਜੇ ਦੇ ਗੁਨਾਹਾਂ ਦਾ ਜ਼ਿਕਰ ਖ਼ੁਸ਼ੀ ਖ਼ੁਸ਼ੀ ਕਰਦਾ ਹੈ, ਉਸ ਨੂੰ ਆਪਣੇ ਗੁਨਾਹ ਸੁਣ ਕੇ ਦੁਖੀ ਹੋਣਾ ਪਵੇਗਾ।

-72-

ਇਕ ਰਾਜ਼ ਦੀ ਗੱਲ ਮੈਂ ਤੈਨੂੰ ਦੱਸਦਾ ਹਾਂ ਕਿ ਮਾਨਵਤਾ ਤੋਂ ਉੱਚੀ ਚੀਜ਼ ਇਥੇ ਕੋਈ ਵੀ ਨਹੀਂ। (ਮਹਾਂਭਾਰਤ)

-73-

ਬਸੰਤ ਸਾਲ ਦਾ ਬਚਪਨ ਹੈ ਤੇ ਮਨੁੱਖ ਦਾ ਬਚਪਨ ਜੀਵਨ ਦੀ ਬਸੰਤ ਹੈ।

-74-

ਸੱਚ ਬੋਲਣ ਦਾ ਸਭ ਤੋਂ ਵੱਡਾ ਲਾਭ ਇਹ ਹੁੰਦਾ ਹੈ ਕਿ ਆਖੀ ਗੱਲ ਯਾਦ ਰੱਖਣ ਦੀ ਲੋੜ ਨਹੀਂ ਪੈਂਦੀ।

-75-

ਕੁਝ ਲੋਕ ਟਿੱਬਿਆਂ ਵਾਂਗ ਨਾ-ਸ਼ੁਕਰੇ ਹਨ, ਜੋ ਮੀਂਹ ਦਾ ਪਾਣੀ ਤਾਂ ਸਾਰਾ ਪੀ ਜਾਂਦੇ ਹਨ, ਪਰ ਸ਼ੁਕਰ-ਗੁਜ਼ਾਰੀ ਦੀ ਹਰਿਆਵਲ ਕਦੀ ਵੀ ਪ੍ਰਗਟ ਨਹੀਂ ਕਰ ਸਕਦੇ।

-76-

ਅੱਜ ਤਕ ਬੜੇ ਬੜੇ ਸਿਆਣੇ ਇਹੋ ਕੁਝ ਜਾਣ ਸਕੇ ਹਨ ਕਿ ਉਹ ਕੁਝ ਵੀ ਨਹੀਂ ਜਾਣਦੇ। (ਕਾਂਗ੍ਰੇਵ)

-77-

ਅਸੀਂ ਜਿਤਨਾ ਉੱਚਾ ਉੱਡਾਂਗੇ, ਉਤਨਾ ਹੀ ਨਾ ਉੱਡਣ ਵਾਲਿਆਂ ਨੂੰ ਨਿੱਕੇ-ਨਿੱਕੇ ਮਾਲੂਮ ਦਿਸਾਂਗੇ।

-78-

ਮਨੁੱਖ ਨੂੰ ਆਪਣੀ ਦੌਲਤ ਦਾ ਉਸ ਸਮੇਂ ਹੀ ਅਸਲੋਂ ਪਤਾ ਲੱਗਦਾ ਹੈ, ਜਦੋਂ ਪਰਮੇਸ਼ਰ ਭੇਟਾ ਲੈਣ ਲਈ ਆਪ ਆ ਜਾਂਦਾ ਹੈ। (ਟੈਗੋਰ)

-79-

ਧਨ ਇਕੱਠਾ ਕਰਨ ਵਾਲਾ, ਦੁਖ ਵੀ ਨਾਲ ਹੀ ਇੱਕਠੇ ਕਰ ਬਹਿੰਦਾ ਹੈ।

-80-

ਸੱਚਾਈ ਦਾ ਮਾਰਗ ਖ਼ਾਸ ਕਿਹੜਾ ਹੋਣਾ ਹੈ, ਉਹ ਤਾਂ ਤੇਰੇ ਸੱਜੇ ਖੱਬੇ ਸਾਰੇ ਪਾਸੇ ਹੀ ਹੈ। (ਰਾਮ ਤੀਰਥ)

-81-

ਰਾਤ ਤੋਂ ਬਾਅਦ ਅਗਰ ਪ੍ਰਭਾਤ ਆਉਣੀ ਬੰਦ ਹੀ ਕਰ ਦੇਵੇ, ਤਾਂ ਪਤਾ ਨਹੀਂ ਜ਼ਿੰਦਗੀ ਦਾ ਕੀ ਹਾਲ ਹੋਵੇ।

-82-

ਜੇ ਅਸੀਂ ਆਪ ਕਿਸੇ ਨੂੰ ਮਾਫ਼ ਨਹੀਂ ਕਰ ਸਕਦੇ, ਫਿਰ ਸਾਨੂੰ ਇਹ ਆਸ ਕਰਨ ਦਾ ਕੀ ਹੱਕ ਹੈ ਕਿ ਰੱਬ ਸਾਨੂੰ ਮਾਫ਼ ਕਰ ਦੇਵੇ। (ਸੁਲੇਮਾਨ)

-83-

ਅਯੋਗ ਥਾਂ ਪਈ ਦੌਲਤ ਨੂੰ ਹੀ 'ਮਿੱਟੀ' ਆਖਿਆ ਜਾਂਦਾ ਹੈ।

-84-

ਸੰਗਮਰਮਰੀ ਪੱਥਰਾਂ ਦੇ ਮਹਿਲਾਂ ਵਿਚ ਰਹਿਣ ਵਾਲੇ ਅਮੀਰਾਂ ਦੇ ਦਿਲ ਆਖ਼ਰ ਪੱਥਰ ਤੇ ਕੰਗਾਲ ਹੋ ਜਾਂਦੇ ਹਨ।

-85-

ਜਿਸ ਦਿਲ ਦਿਮਾਗ਼ ਦਾ ਪਹਿਰੇਦਾਰ ਅੱਛਾ ਹੈ, ਉਹ ਗ਼ਮੀ ਯਾ ਬਦੀ ਨੂੰ ਕਦੀ ਵੀ ਅੰਦਰ ਨਹੀਂ ਆਉਣ ਦੇਵੇਗਾ।
(ਜੇਮਜ਼ ਐਲਨ)

-86-

ਜਿਨ੍ਹਾਂ ਦਾ ਆਚਾਰ ਹਲਕਾ ਹੈ, ਉਹ ਭਾਰੇ ਲਿਬਾਸ ਪਹਿਨਦੇ ਹਨ, ਜੋ ਗੋਰੇ ਆਚਾਰ ਵਾਲੇ ਹਨ, ਉਹ ਮਾਮੂਲੀ ਅਲਕਿਆਂ ਬਸਤਰਾਂ ਨਾਲ ਵੀ ਸਾਰ ਲੈਂਦੇ ਹਨ। (ਬੈਲੀਜ਼ ਸ਼ਾਅ)

-87-

ਆਪਣੇ ਕਸੂਰਾਂ ਨੂੰ ਜਾਣ ਲੈਣਾ ਜਿਤਨਾ ਔਖਾ ਹੈ, ਉਤਨਾ ਹੀ ਦੂਜਿਆਂ ਦੇ ਨੁਕਸ ਛਾਂਟਣਾ ਸੌਖਾ ਕੰਮ ਹੈ।
(ਥੈਲੀਜ਼)

-88-

ਅਮੀਰ ਦੀਆਂ ਮੇਹਰਬਾਨੀਆਂ ਦੇ ਜਾਲ ਤੋਂ ਬਚੋ, ਇਹ ਨਾ ਟੁੱਟਣ ਵਾਲਾ ਹੈ।

-89-

ਭਗਵਾਨ ਸਾਡੇ ਘਰ ਆਏ ਹੋਏ ਹੁੰਦੇ ਹਨ, ਪਰ ਅਸੀਂ ਆਮ ਤੌਰ 'ਤੇ ਉਸ ਸਮੇਂ ਬਾਹਰ ਗਏ ਹੁੰਦੇ ਹਾਂ।
(ਟੈਗੋਰ)

-90-

ਜੋ ਸਬਰ ਨਾਲ ਉਡੀਕਣਾ ਜਾਣਦੇ ਹਨ, ਉਨ੍ਹਾਂ ਪਾਸ ਹਰ ਚੀਜ਼ ਕਿਵੇਂ ਨਾ ਕਿਵੇਂ ਪਹੁੰਚ ਹੀ ਜਾਂਦੀ ਹੈ।

-91-

ਬੁਰਾ ਕਰਨ ਦੀ ਥਾਂ ਬੁਰਿਆਈ ਨੂੰ ਚੁੱਪ ਕਰ ਕੇ ਸ਼ਾਂਤੀ -ਪੂਰਬਕ ਸਹਾਰ ਲੈਣਾ ਵੀ ਚੰਗਾ ਹੈ। (ਜੌਨਸਨ)

-92-

ਸਿਆਣੇ ਦੀਆਂ ਬੰਦ ਬੁੱਲ੍ਹਆਂ ਜੌਹਰੀ ਦੀ ਸੁਨਹਿਰੀ ਡੱਬੀ ਵਾਂਗ ਹਨ, ਜਿਨ੍ਹਾਂ ਦੇ ਖੁੱਲ੍ਹਣ ਸਾਰ ਹੀਰੇ ਪੰਨੇ ਝਲਕਣ ਲੱਗ ਪੈਂਦੇ ਹਨ। (ਸ਼ੇਖ਼ ਸਾਅਦੀ)

-93-

ਭੂਤ ਬੀਤ ਚੁੱਕਿਆ ਹੈ, ਭਵਿੱਖਤ ਪਤਾ ਨਹੀਂ ਤੁਹਾਡੇ ਹੱਥ ਆਵੇ ਹੀ ਨਾ, ਕੇਵਲ ਵਰਤਮਾਨ ਹੀ ਤੁਹਾਡੀ ਚੀਜ਼ ਹੈ। (ਐਬੇਵਰੀ)

-94-

ਯਤਨਾਂ ਨਾਲ ਇਸੇ ਜ਼ਿੰਦਗੀ ਨੂੰ ਦੇਵਤਾ ਬਣਾ ਸਕੀਦਾ ਹੈ, ਆਖ਼ਰ ਤੂਤ ਦੇ ਪੱਤੇ ਹੀ ਰੇਸ਼ਮ ਵਿਚ ਬਦਲ ਜਾਂਦੇ ਹਨ। (ਸਨਾਈ)

-95-

ਨੀਵੇਂ ਆਦਮੀਆਂ ਦਾ ਸੰਗ ਕੋਲਿਆਂ ਵਾਂਗ ਹੈ, ਠੰਢਾ ਹੁੰਦਾ ਹੋਇਆ ਕਾਲਖ਼ ਲਾਉਂਦਾ ਹੈ ਤੇ ਗਰਮ ਹੋਣ ’ਤੇ ਫੂਕ ਦੇਂਦਾ ਹੈ।

-96-

ਪੂਰਾ ਸਿਆਣਾ ਤੇ ਪੂਰਾ ਮੂਰਖ ਦੋਵੇਂ ਚੰਗੇ ਹਨ ਪਰ ਅੱਧ-ਮੂਰਖ ਤੇ ਅੱਧ-ਗਿਆਨੀ ਤੋਂ ਸਦਾ ਬਚ ਕੇ ਰਹਿਣਾ ਹੀ ਠੀਕ ਹੈ। (ਗਿਟੇ)

-97-

ਸਰੀਰ ਤੁਹਾਡੀ ਸਵਾਰੀ ਹੈ, ਤੁਸੀਂ ਆਪ ਇਸ ਦੀ ਸਵਾਰੀ ਨਾ ਬਣ ਜਾਇਓ! (ਜੈ ਕ੍ਰਿਸ਼ਣ ਮੂਰਤੀ)

-98-

ਅਮੀਰ ਹੋ ਕੇ ਮਰਨ ਨਾਲੋਂ ਅਮੀਰਾਂ ਵਾਂਗ ਰਹਿ ਕੇ ਜੀਊਣਾ ਕਿਤੇ ਅੱਛਾ ਹੈ। (ਸ਼ੇਖ਼ ਸਾਅਦੀ)

-99-

ਜੋ ਕੁਝ ਮਨੁੱਖ ਨੇ ਹੁਣ ਤਕ ਕੀਤਾ ਹੈ, ਉਹ ਤਾਂ ਆਦਮੀ ਜ਼ਰੂਰ ਕਰ ਹੀ ਸਕਦਾ ਹੈ। (ਫ਼ੀਲਡਿੰਗ)

-1●●-

‘ਪ੍ਰੀਤਮ ਪਿਆਰ’ ਦੀ ਅਗਨੀ ਪ੍ਰਜੂਲਤ ਹੋਣ ਪਿੱਛੋਂ ਬੁੱਧੀ ਦਾ ਧੂੰਆਂ ਆਪਣੇ ਆਪ ਉੱਡ-ਪੁੱਡ ਹੀ ਜਾਂਦਾ ਹੈ। (ਅੱਤਾਰ)

-101-

ਜੇ ਕਿਤੇ ਬੁਰੀਆਂ ਚੀਜ਼ਾਂ ਜ਼ਿਆਦਾ ਪ੍ਰਚਲਿਤ ਤੇ ਪ੍ਰਸਿੱਧ ਹੋ ਜਾਣ, ਚੰਗੀਆਂ ਤਾਂ ਨਹੀਂ ਨਾ ਹੋ ਜਾਂਦੀਆਂ।

(ਸੁਕਰਾਤ)

-102-

ਕਿਸੇ ਨੂੰ ਸਖ਼ਤੀ ਨਾਲ ਹੁਕਮ ਦੇਣ ਦੀ ਥਾਂ ਜ਼ਰਾ ਇਸ਼ਾਰੇ ਨਾਲ ਸਮਝਾ ਦਿਓ, ਇਹ ਵਧੇਰੇ ਅੱਛਾ ਹੈ।

-103-

ਸਿਆਣੇ 'ਕੱਲ੍ਹ' ਨੂੰ 'ਅੱਜ' ਕੋਲ ਨਹੀਂ ਆਉਣ ਦੇਂਦੇ ਤੇ ਨਾ ਹੀ 'ਅੱਜ' ਨੂੰ 'ਕੱਲ੍ਹ' ਪਾਸ ਲਿਜਾਂਦੇ ਹਨ।

-104-

ਅਗਰ ਹਰ ਮਨੁੱਖ ਪਹਿਲੇ ਆਪਣੇ ਸੁਧਾਰ ਲਈ ਟੁਰ ਪਏ, ਫਿਰ ਸਾਰਾ ਸੰਸਾਰ ਆਪੇ ਹੀ ਸੁਧਰ ਜਾਵੇਗਾ।

(ਬ੍ਰਾਊਨ)

-105-

ਯਾਤਰੂ ਨੂੰ ਸਰਾਂ ਦੇ ਕੱਪੜੇ ਮੰਜੀ ਆਦਿ ਸਾਂਭ-ਸੁਆਰ ਕੇ ਜ਼ਰੂਰ ਰੱਖਣੇ ਚਾਹੀਦੇ ਹਨ, ਉਨ੍ਹਾਂ ਨੂੰ ਜਫਿਆਉਣਾ ਨਹੀਂ ਚਾਹੀਦਾ।

-106-

ਅੱਖ ਤੇ ਕੰਨ ਦੋ-ਦੋ ਇਸ ਲਈ ਦਿੱਤੇ ਗਏ ਹਨ, ਅਸੀਂ ਜ਼ਿਆਦਾ ਦੇਖੀਏ ਤੇ ਸੁਣੀਏ। ਜ਼ਬਾਨ ਇੱਕੋ ਦਿੱਤੀ ਗਈ ਹੈ, ਤਾਂ ਕਿ ਬੋਲੀਏ ਬਹੁਤ ਘੱਟ। (ਸੁਕਰਾਤ)

-107-

ਉਮਰ ਹਰਨ ਵਾਂਗ ਕੁਦਾੜੇ ਮਾਰਦੀ ਟੁਰੀ ਜਾ ਰਹੀ ਹੈ, ਪਰ ਸਾਡੀ ਜੀਵਨ-ਚਾਲ ਕੀੜੀ ਨਾਲੋਂ ਵੀ ਮੱਧਮ ਹੈ।

-108-

ਮੁਸੱਵਰ ਦੀ ਚਿਤ੍ਰੀ ਤਲਵਾਰ, ਰਣ ਮੈਦਾਨ ਵਿਚ ਕੰਮ ਨਹੀਂ ਆ ਸਕਦੀ, ਇਹ ਕੇਵਲ ਕਲਾ-ਭਵਨ ਦਾ ਸ਼ਿੰਗਾਰ ਹੀ ਹੋ ਸਕਦੀ ਹੈ।

-109

ਮੈਂ ਹੁਣ ਤਕ ਆਪਣਾ ਧਰਮ ਕਾਇਮ ਰੱਖਿਆ। ਹੁਣ ਅੰਤ ਸਮੇਂ ਧਰਮ ਬਦਲਣ ਲਈ ਕੋਈ ਸਮਾਂ ਨਹੀਂ, ਹੁਣ ਤਾਂ ਧਰਮ ਮੈਨੂੰ ਕਾਇਮ ਰੱਖੇਗਾ।

-110-

ਇੱਕੋ ਦੀਵਾ ਅੰਧੇਰ-ਮੰਦਰਾਂ ਵਿਚ ਪ੍ਰਕਾਸ਼ ਵੀ ਕਰ ਸਕਦਾ ਹੈ ਤੇ ਉਨ੍ਹਾਂ ਦਾ ਵਿਨਾਸ਼ ਵੀ, ਕੇਵਲ ਵਰਤੋਂ ਵਿਚ ਭੇਦ ਹੈ।

-111-

ਜੋ ਹਰ ਇਕ ਨੂੰ ਖ਼ੁਸ਼ ਰੱਖਣਾ ਚਾਹੁੰਦਾ ਹੈ, ਉਹ ਕਿਸੇ ਨੂੰ ਵੀ ਪ੍ਰਸੰਨ ਨਹੀਂ ਰੱਖ ਸਕਦਾ। (ਅਸ਼ੋਕ)

-112-

ਸਾਵਣ ਵਿਚ ਤਾਂ ਹਰ ਨਦੀ ਹੀ ਚੜ੍ਹੀ ਦਿਸ ਆਉਂਦੀ ਹੈ, ਅਸਲ ਨੂੰ ਤਾਂ ਉਹ ਹੈ ਜੋ ਜੇਠ ਦੇ ਮਹੀਨੇ ਵੀ ਵਗਦੀ ਰਹੇ। (ਜੇ. ਏਲਨ)

-113-

ਲੋਕਾਂ ਪੁੱਛਿਆ, "ਅੰਤ ਕੀ ਹੈ?" ਉਸ ਜਵਾਬ ਦਿੱਤਾ, "ਆਪਣੇ ਆਰੰਭ ਵੱਲ ਮੋੜਾ ਪਾ ਲੈਣਾ ਹੀ ਚੰਗਾ ਅੰਤ ਹੈ।" (ਸ਼ਬਸਤਰੀ)

-114-

ਮੌਤ ਕੀ ਹੈ, ਆਪਣੀ ਪਹਿਲੀ ਅਵਸਥਾ ਨੂੰ ਹਾਸਲ ਕਰਨ ਦੀ ਮੁੜ ਕੋਸ਼ਿਸ਼ ਕਰਨਾ। (ਹੈਜ਼ਲਟ)

-115-

ਜੇ ਅਪਰਾਧ ਕਾਫ਼ੀ ਵੱਡੇ ਵੱਡੇ ਹੁੰਦੇ ਹਨ, ਤਾਂ ਖਿਮਾਂ ਨੂੰ ਵੀ ਤਾਂ ਉਤਨਾ ਹੀ ਵੱਡਾ ਹੋ ਜਾਣਾ ਚਾਹੀਦਾ ਹੈ।

-116-

ਅਗਰ ਕੋਈ ਗੱਲ ਤੁਸੀਂ ਗੁਪਤ ਰੱਖਣਾ ਚਾਹੁੰਦੇ ਹੋ ਤਾਂ ਉਸ ਲਈ ਝੂਠ ਨਾ ਬੋਲੋ, ਖ਼ਾਮੋਸ਼ ਬੇਸ਼ੱਕ ਰਹੋ। (ਪਲੂਟਾਰਕ)

-117-

ਜੇ ਆਪਣੇ ਕੰਮ ਨੂੰ ਖ਼ੁਸ਼ੀ ਹੱਥ ਪਾਇਆ ਜਾਵੇ ਤਾਂ ਅੱਧਾ ਕੰਮ ਤਾਂ ਉਦੋਂ ਹੀ ਪੂਰਾ ਹੋ ਜਾਂਦਾ ਹੈ। (ਜੇ. ਏਲਨ)

-118-

ਜੇਕਰ ਕਿਸੇ ਦੇ ਆਚਾਰ ਦੀ ਪਰਖ ਕਰਨੀ ਹੈ ਤਾਂ ਇਹ ਜਾਣਨ ਦਾ ਯਤਨ ਕਰੋ ਕਿ ਉਹ ਕਿਨ੍ਹਾਂ ਗੱਲਾਂ 'ਤੇ ਹੱਸਦਾ ਹੈ। (ਸੁਲੇਮਾਨ)

-119-

ਅੱਧੀ ਰਾਤੋਂ ਮੈਂ ਡਾਂਟ ਕੇ ਪੁੱਛਿਆ ਕਿ ਮੇਰੇ ਦਿਲ ਦੇ ਅੰਦਰ ਕੌਣ ਹੈ? ਪ੍ਰੀਤਮ ਨੇ ਕਿਹਾ, "ਮੈਂ ਹਾਂ, ਜਿਸ ਦੀ ਛਵ੍ਹੀ ਨਾਲ ਚੰਨ ਤੇ ਸੂਰਜ ਪ੍ਰਕਾਸ਼ਮਾਨ ਹੁੰਦੇ ਹਨ।"

-12●-

ਹੇ ਪ੍ਰਭੂ! ਜਿਸ ਦਿਨ ਮੇਰੇ ਅੰਦਰੋਂ ਨਵੇਂ ਵੀਚਾਰ ਗ੍ਰਹਿਣ ਕਰਨ ਦੀ ਸ਼ਕਤੀ ਜਾਂਦੀ ਰਹੇ, ਉਸ ਸਮੇਂ ਮੈਨੂੰ ਇਥੋਂ ਲੈ ਹੀ ਜਾਵੀਂ। (ਐਨੀ ਬੀਸੈਂਟ)

-121-

ਭਿਖਸ਼ੂਓ! ਮੈਂ ਇਹ ਧਰਮ ਦੀ ਬੇੜੀ ਤੁਹਾਨੂੰ ਕੇਵਲ ਪਾਰ ਕਰਨ ਲਈ ਹੀ ਦਿੱਤੀ ਹੈ, ਇਸ ਨੂੰ ਮੋਢੇ 'ਤੇ ਨਾ ਚੁੱਕੀ ਫਿਰਿਓ। (ਮਹਾਤਮਾ ਬੁੱਧ)

-122-

ਕਿਤਾਬਾਂ ਪੜ੍ਹਨੀਆਂ ਸੌਖੀਆਂ ਹਨ, ਪ੍ਰੰਤੂ ਮਨੁੱਖਾਂ ਨੂੰ ਪੜ੍ਹਨਾ ਤਾਂ ਬਹੁਤ ਹੀ ਔਖਾਂ ਹੈ। (ਮੈਕਾਲੇ)

-123-

ਝੂਠ ਤੇ ਸੱਚ ਵਿਚ ਚਾਰ ਕੁ ਉਂਗਲ ਦਾ ਫ਼ਰਕ ਹੈ, ਦੇਖੀ ਸਭ ਕੋਈ ਮੰਨ ਲੈਂਦਾ ਹੈ, ਸੁਣੀ ਕੋਈ ਨਹੀਂ ਮੰਨਦਾ।

-124-

ਆਪਣੇ ਤੇ ਆਪਣੀਆਂ ਤਕਲੀਫ਼ਾਂ ਦੇ ਦਰਮਿਆਨ ਈਸ਼ਵਰ ਨੂੰ ਜ਼ਰੂਰ ਰੱਖੋ।

-125-

ਮੇਰੀ ਪ੍ਰਾਰਥਨਾ ਹੈ ਕਿ ਮਰਨ ਬਾਅਦ ਮੇਰੀ ਕਬਰ ਕਿਸੇ ਲਾਇਬ੍ਰੇਰੀ ਵਿਚ ਹੀ ਬਣਾਹੀ ਜਾਵੇ। (ਮੈਕਾਲੇ)

-126-

ਕੀ ਤੁਹਾਨੂੰ ਯਾਦ ਹੈ ਕਿ ਤੁਸੀਂ ਸੌ ਸਾਲ ਪਹਿਲੇ ਇਥੇ ਸੀ? ਜੇ ਨਹੀਂ ਤਾਂ ਇਹ ਵੀ ਕੋਈ ਫ਼ਿਕਰ ਵਾਲੀ ਗੱਲ ਨਹੀਂ ਕਿ ਕੁਝ ਦਿਨਾਂ ਨੂੰ ਤੁਸੀਂ ਇਥੇ ਨਹੀਂ ਰਹੋਗੇ। (ਹੈਜ਼ਲਟ)

-127-

ਜਦੋਂ ਤੂੰ ਜਨਮਿਆ, ਉਸ ਸਮੇਂ ਸਾਰੀ ਦੁਨੀਆਂ ਖ਼ੁਸ਼ ਤੇ ਤੂੰ ਰੋ ਰਿਹਾ ਸੀ। ਹੁਣ ਤੂੰ ਇਥੋਂ ਅਜਿਹਾ ਬਣ ਕੇ ਜਾਵੀਂ ਕਿ ਤੈਨੂੰ ਯਾਦ ਕਰ ਕਰ ਕੇ ਲੋਕ ਰੋਂਦੇ ਰਹਿਣ ਤੇ ਤੂੰ ਇਸ ਦੁਨੀਆਂ ਵਿੱਚੋਂ ਹੱਸਦਾ ਹੱਸਦਾ ਜਾਵੇਂ।

-128-

ਕਿਸੇ ਮੂਰਖ ਨਾਲ ਵੀ ਤੁਸੀਂ ਮੂਰਖਤਾ-ਭਰਿਆ ਵਰਤਾਉ ਨਾ ਕਰੋ, ਨਹੀਂ ਤਾਂ ਤੁਹਾਨੂੰ ਵੀ ਉਹੋ ਜੇਹਾ ਹੀ ਸਮਝਿਆ ਜਾਵੇਗਾ।

-129-

ਸਿਆਣੇ ਦਾ ਮੂੰਹ ਉਸ ਦੇ ਦਿਲ ਵਿਚ ਹੁੰਦਾ ਹੈ ਤੇ ਮੂਰਖ ਦਾ ਦਿਲ ਉਸ ਦੇ ਮੂੰਹ ਵਿਚ ਹੀ ਰਹਿੰਦਾ ਹੈ। (ਸੁਲੇਮਾਨ)

-130-

ਕੀ ਇਹ ਧਰਤੀ ਉਸ ਪਰਮ ਪਿਤਾ ਦੀ ਨਹੀਂ, ਜਿਸ ਦਾ ਉਹ ਸੁਰਗ ਕਿਹਾ ਜਾਂਦਾ ਹੈ?

-131-

ਇਹ ਔਖਾ ਕੰਮ ਹੈ ਕਿ ਤੁਸੀਂ ਆਪਣਾ ਅੰਗ ਵੀ ਪਾਣੀ ਵਿਚ ਨਾ ਭਿੱਜਣ ਦੇਣਾ ਚਾਹੋ, ਤੇ ਦਰਿਆ ਦੇ ਤਾਰੂ ਵੀ ਬਣ ਜਾਓ।

-132-

ਗ਼ੁਸੈਲ ਆਦਮੀ ਉਸ ਘੋੜੇ 'ਤੇ ਸਵਾਰ ਹੁੰਦਾ ਹੈ, ਜੋ ਕਿ ਕਦੀ ਵੀ ਸਵਾਰ ਨੂੰ ਸੁੱਟ ਕੇ ਦੂਰ ਜਾ ਸਕਦਾ ਹੈ।

-133-

ਸਿਆਣਾ ਹੋਣਾ ਚੰਗੀ ਗੱਲ ਹੈ, ਪਰ ਆਪਣੇ ਆਪ ਨੂੰ ਸਿਆਣਾ ਸਮਝਣਾ ਬਹੁਤ ਮਾੜੀ ਗੱਲ ਹੈ।

-134-

ਕਾਇਰ ਦਿਨ ਵਿਚ ਕਈ ਵੇਰ ਮਰਦੇ ਹਨ, ਮਗਰ ਬਹਾਦਰ ਇੱਕੋ ਵੇਰ ਹੀ ਮੌਤ ਨੂੰ ਵਰ੍ਹਦੇ ਹਨ। (ਸ਼ੈਕਸਪੀਅਰ)

-135-

ਗ਼ਰੀਬ ਆਦਮੀ ਨੂੰ ਕੁਝ ਚੀਜ਼ਾਂ ਦੀ ਲੋੜ ਰਹਿੰਦੀ ਹੈ, ਪਰ ਅਮੀਰ ਲਾਲਚੀ ਨੂੰ ਸਭ ਚੀਜ਼ਾਂ ਦੀ ਸਦਾ ਹੀ ਇੱਛਾ ਬਣੀ ਰਹਿੰਦੀ ਹੈ। (ਸੋਨੇ)

-136-

ਉਹ ਬਾਦਸ਼ਾਹ ਕਿਤਨਾ ਮਹਾਨ ਹੈ, ਜੋ ਅਸਮਾਨਾਂ ਨੂੰ ਆਪਣੇ ਮੰਦਰ ਦੀਆਂ ਮਹਿਰਾਬਾਂ ਸਮਾਨ ਸਮਝਦਾ ਹੈ। (ਹਾਫ਼ਿਜ਼)

-137-

ਲੋਕ ਕੰਨ ਨੂੰ ਹੱਥ ਲਾ ਕੇ ਬੜੀ ਦ੍ਰਿੜ੍ਹਤਾ ਨਾਲ ਇਹ ਆਖਦੇ ਹਨ ਕਿ ਹੁਣ ਨਹੀਂ ਪੀਆਂਗੇ, ਪਰ ਉਨ੍ਹਾਂ ਦੇ ਤਮਾਮ ਪ੍ਰਣ, ਨਿੱਕਾ ਕੱਚ ਦਾ ਪਿਆਲਾ ਤੋੜ ਦੇਂਦਾ ਹੈ। (ਹਾਫ਼ਿਜ਼)

-138-

ਰੌਸ਼ਨੀ ਸਦਾ ਰੌਸ਼ਨੀ ਹੀ ਹੈ ਭਾਵੇਂ ਉਹ ਅਪਵਿੱਤ੍ਰ ਮਾਰਗ ਥਾਣੀ ਲੰਘ ਕੇ ਵੀ ਕਿਉਂ ਨਾ ਆ ਰਹੀ ਹੋਵੇ। (ਆਨਸਟਾਈਨ)

-139-

ਜੁਆਨੀ ਸਮੇਂ ਉਹ ਕੁਝ ਕਰੋ ਜੋ ਬੁਢਾਪੇ ਸਮੇਂ ਕੰਮ ਆਵੇ, ਬੁੱਢੇ ਵਾਰੇ ਉਹ ਕਰੋ ਜੋ ਮਰਨ ਬਾਅਦ ਸਹਾਈ ਹੋਵੇ।

-14●-

ਬਦਕਿਸਮਤੀ ਨਾਲ ਕਈ ਫਿਲਾਸਫਰਾਂ ਮੈਨੂੰ ਮਸ਼ਵਰਾ ਦਿੱਤਾ ਹੈ ਕਿ ਮੈਨੂੰ ਸੁੰਦਰਤਾ ਦੀ ਤਾਰੀਫ਼ ਨਹੀਂ ਕਰਨੀ ਚਾਹੀਦੀ। (ਐਮਰਸਨ)

-141-

ਬੀਰਤਾ ਮਾਰਨ ਵਿਚ ਨਹੀਂ, ਆਪ ਮਰਨ ਵਿਚ ਹੈ। ਕਿਸੇ ਦੀ ਇੱਜ਼ਤ ਦੀ ਰਾਖੀ ਕਰਨਾ ਬਹਾਦਰੀ ਹੈ, ਪਤ ਗਵਾਉਣਾ ਬਹਾਦਰੀ ਨਹੀਂ। (ਮਹਾਤਮਾ ਗਾਂਧੀ)

-142-

ਪ੍ਰਭੂ ! ਤੇਰੇ ਚਿਹਰੇ ਵਾਂਗ ਖਿੜੇ ਫੁੱਲਾਂ ਦੇ ਦੇਖਣ ਦੀ ਆਸ਼ਾ ਲੈ ਕੇ ਪੌਣ ਦੇਵਤਾ ਦਿਨ ਰਾਤ ਬਾਗ਼ ਦਾ ਚੱਕਰ ਕੱਟਦਾ ਰਹਿੰਦਾ ਹੈ, ਤੂੰ ਆਪ ਕਿਤਨਾ ਕੁ ਸੁੰਦਰ ਹੋਵੇਂਗਾ?

-143-

ਬਲਦੀ ਅਗਨੀ ਨੂੰ ਅਗਰ ਪੁੱਠੀ ਵੀ ਕਰ ਦੇਈਏ, ਉਹ ਕਦੀ ਹੇਠਾਂ ਝੁਕਣਾ ਪ੍ਰਵਾਨ ਨਹੀਂ ਕਰਦੀ, ਸਦਾ ਉਤਾਂਹ ਨੂੰ ਹੀ ਸਿਰ ਉਠਾਉਂਦੀ ਹੈ। (ਭਰਥਰੀ ਹਰੀ)

-144-

ਉਸ ਆਦਮੀ ਲਈ ਉੱਦਮੀ ਹੋਣਾ ਮੁਸ਼ਕਲ ਹੈ, ਜੋ ਤਕਲੀਫ਼ ਨੂੰ ਸਭ ਤੋਂ ਬੁਰੀ ਤੇ ਆਰਾਮ ਨੂੰ ਸਭ ਤੋਂ ਚੰਗਾ ਸਮਝਦਾ ਹੈ। (ਸਿਸਰੋ)

-145-

ਬੀਰ ਪੁਰਸ਼ ਹੀ ਦੂਸਰੇ ਨੂੰ ਮਾਫ਼ ਕਰ ਸਕਦੇ ਹਨ, ਕਾਇਰ ਬੇਚਾਰੇ ਤਾਂ ਇਸ ਕਲਾ ਦੇ ਜਾਣੂਹੀ ਨਹੀਂ ਹੁੰਦੇ। (ਸਟਰਨ)

-146-

ਪ੍ਰਭਾਤ ਸਮੇਂ ਬੁਲਬੁਲ ਨੇ ਖਿੜਦੇ ਫੁੱਲ ਨੂੰ ਆਖਿਆ, "ਅਭਿਮਾਨ ਨਾ ਕਰ ਇਸ ਬਾਗ਼ ਵਿਚ ਤੇਰੇ ਵਰਗੇ ਕਈ ਖਿੜ ਚੁੱਕੇ ਹਨ।" ਫੁੱਲ ਨੇ ਕਿਹਾ, "ਗੱਲ ਭਾਵੇਂ ਸੱਚੀ ਹੀ ਹੈ ਪਰ ਕੋਈ ਵੀ ਆਸ਼ਕ ਆਪਣੇ ਮਾਸ਼ੂਕ ਨਾਲ ਐਸੀ ਗੱਲ ਨਹੀਂ ਕਰਿਆ ਕਰਦਾ।" (ਹਾਫ਼ਿਜ਼)

-147-

ਜਿਵੇਂ ਮਠਿਆਈ ਦੇ ਲੋਭ ਨਾਲ ਬੱਚਿਆਂ ਨੂੰ ਵਰਚਾਇਆ ਜਾਂਦਾ ਹੈ, ਇਵੇਂ ਹੀ ਕਈ ਆਦਮੀਆਂ ਨੂੰ ਸੁਗੰਦਾਂ ਖਾ ਕੇ ਠੱਗ ਲਿਆ ਜਾਂਦਾ ਹੈ। (ਬੇਕਨ)

-148-

ਕੋਮਲਤਾ ਅਸਚਰਜ ਗੁਣ ਹੈ, ਕੋਮਲ ਰੂੰ ਦੇ ਢੇਰ ਨੂੰ ਤਿੱਖੀ ਤਲਵਾਰ ਵੀ ਕੱਟਣੋਂ ਅਸਮਰੱਥ ਹੁੰਦੀ ਹੈ।

-149-

ਬੁਰੇ ਕੰਮ ਕਰਨੇ ਸੌਖੇ ਹਨ ਪਰ ਉਨ੍ਹਾਂ ਤੋਂ ਲਾਭ ਦਾ ਖ਼ਿਆਲ ਬਹੁਤ ਔਖੀ ਜਿਹੀ ਗੱਲ ਹੈ। (ਮਹਾਤਮਾ ਬੁੱਧ)

-150-

ਕਿਸੇ ਮਨੁੱਖ ਨੂੰ ਵੀ ਘਿਰਣਾ ਨਾਲ ਨਾ ਤੱਕੋ, ਕਿਉਂਕਿ ਪਤਾ ਨਹੀਂ, ਉਸ ਵਿਚ ਕਿਤਨੀ ਮਹਾਨ ਮਾਨਵਤਾ ਨੇ ਨਿਵਾਸ ਕੀਤਾ ਹੋਇਆ ਹੈ। (ਟਾਮਸ ਬ੍ਰਾਊਨ)

-151-

ਪੱਥਰ ਨੇ ਖਿੜ ਖਿੜਾ ਕੇ ਕਿਹਾ, "ਸੰਸਾਰ ਕਿਤਨਾ ਪਾਗਲ ਹੈ, ਲੋਕ ਮੇਰੇ ਪੁੱਤਰ ਹੀਰੇ ਦੀ ਤਾਂ ਪੂਜਾ ਕਰਦੇ ਹਨ ਤੇ ਮੈਨੂੰ ਘ੍ਰਿਣਤ ਨਜ਼ਰਾਂ ਨਾਲ ਤੱਕਦੇ ਹਨ।"

-152-

ਸਾਡੇ ਝੁਕੇ ਹੋਏ ਸਰੀਰ ਨੂੰ ਤੂੰ ਚੰਗਾ ਨਹੀਂ ਸਮਝਦਾ, ਪਰ ਇਹ ਉਹ ਧਨੁੰਖ ਹੈ ਜਿਸ ਦੇ ਤੀਰ ਦੁਸ਼ਮਣ ਦੀਆਂ ਅੱਖਾਂ ਭੰਨ ਚੁੱਕੇ ਹਨ। (ਹਾਫ਼ਿਜ਼)

-153-

ਜੇ ਤੁਸੀਂ ਦੋਸਤ 'ਤੇ ਨੁਕਤਾਚੀਨੀ ਕਰਦੇ ਦੁਖੀ ਹੁੰਦੇ ਹੋ ਤਾਂ ਤੁਹਾਡੀ ਸਮਾਲੋਚਨਾ ਠੀਕ ਹੈ, ਪਰ ਜੇ ਤੁਸੀਂ ਨੁਕਤਾਚੀਨੀ ਕਰਦੇ ਖ਼ੁਸ਼ੀ ਮਹਿਸੂਸ ਕਰਦੇ ਹੋ ਤਾਂ ਇਹ ਠੀਕ ਨਹੀਂ। (ਐਲਸ ਦੁਏਰ)

-154-

ਇਸਤਰੀ ਕੁਦਰਤ ਦੀਆਂ ਸੁੰਦਰ ਗ਼ਲਤੀਆਂ ਵਿੱਚੋਂ ਇਕ ਹੈ। (ਕਾਉਲੀ)

-155-

ਦੁਨੀਆਂ ਵਿਚ ਭਾਵੇਂ 30 ਕਰੋੜ ਈਸਾ, 40 ਕਰੋੜ ਸ਼੍ਰੀ ਕ੍ਰਿਸ਼ਨ ਤੇ ਇਸ ਤੋਂ ਵੀ ਵੱਧ ਗੌਤਮ ਬੁੱਧ ਅਵਤਾਰ ਧਾਰ ਕੇ ਆ ਜਾਣ, ਮਨੁੰਖ ਦਾ ਉਧਾਰ ਆਪਣੇ ਅਮਲਾਂ ਕਰਕੇ ਹੀ ਹੋਵੇਗਾ।

-156-

ਇਸਤਰੀ ਦੀ 'ਨਹੀਂ' ਨੂੰ ਹਮੇਸ਼ਾਂ ਅਪ੍ਰਵਾਨਗੀ ਦੀ ਨਿਸ਼ਾਨੀ ਖ਼ਿਆਲ ਕਰਨਾ ਭਾਰੀ ਭੁੱਲ ਹੈ। (ਸਿਡਨੀ)

-157-

ਅਪਮਾਨ ਕਰਨਾ ਸੌਖਾ, ਪਰ ਅਪਮਾਨ ਸਹਾਰ ਲੈਣਾ ਬੜਾ ਔਖਾ ਕੰਮ ਹੈ।

-158-

ਮੋਰ ਆਪਣੀ ਪੂਛਲ ਦੀ ਚਿਤਰਕਾਰੀ 'ਤੇ ਰੀਝ ਰੀਝ ਕੇ ਨੱਚ ਰਿਹਾ ਸੀ, ਨਿੱਕੀ ਚਿੜੀ ਨੇ ਆਪਣੀ ਆਵਾਜ਼ ਨਾਲ ਉਹਦੇ ਪੈਰਾਂ ਵੱਲ ਉਸ ਦਾ ਧਿਆਨ ਦਿਵਾਇਆ।

-159-

ਕਮਜ਼ੋਰ ਆਦਮੀ ਘਾਹ ਦੇ ਨਿੱਕੇ ਬੂਟੇ ਵਾਂਗ ਹੈ, ਜੋ ਮਾਮੂਲੀ ਦੁਖ ਦਾ ਬੁੱਲ੍ਹਾ ਆਉਣ 'ਤੇ ਹੀ ਕੰਬਣ ਲੱਗ ਜਾਂਦਾ ਹੈ।

-160-

ਮੇਰੇ ਕਫ਼ਨ ਵਿਚ ਪਿਆਲਾ ਜ਼ਰੂਰ ਛੁਪਾ ਦੇਣਾ ਤਾਂ ਕਿ ਮਰਨ ਪਿੱਛੋਂ ਉਸ ਨੂੰ ਪੀ ਕੇ ਮੈਂ ਕਿਆਮਤ ਦਾ ਖ਼ਤਰਾ ਟਾਲ ਸਕਾਂ। (ਹਾਫ਼ਿਜ਼)

-161-

ਤੁਅੱਸਬ ਦਾ ਚੂਹਾ ਸਾਡੇ ਮਨ ਦੇ ਪਿੰਜਰੇ ਵਿਚ ਦਾਖ਼ਲ ਤਾਂ ਸੌਖਾ ਹੋ ਜਾਂਦਾ ਹੈ, ਪਰ ਇਸ ਦਾ ਨਿਕਲਣਾ ਬਹੁਤ ਔਖਾ ਹੈ।

-162-

ਮਿਹਨਤ ਤਾਂ ਚੁੰਬਕ-ਪੱਥਰ ਵਾਂਗ ਹੈ, ਜੋ ਚੰਗੀਆਂ ਚੀਜ਼ਾਂ ਨੂੰ ਬਹੁਤ ਨਜ਼ਦੀਕ ਖਿੱਚ ਲਿਆਉਂਦੀ ਹੈ।

-163-

ਜਿਵੇਂ ਵੱਡੇ ਦਰਿਆਵਾਂ ਦਾ ਮੰਬਾ ਛੋਟਾ ਜਿਹਾ ਹੁੰਦਾ ਹੈ, ਤਿਵੇਂ ਵੱਡਿਆਂ ਕਾਰਨਾਮਿਆਂ ਦਾ ਮੁੱਢ ਮਾਮੂਲੀ ਜਿਹੀ ਗੱਲ ਹੁੰਦੀ ਹੈ। (ਸ੍ਵਿਫਟ)

-164-

ਲੰਮੀਆਂ ਸੋਚਾਂ ਦਾ ਮਤਲਬ ਸਮੇਂ ਦੀ ਚੋਰੀ ਕਰਨ ਤੋਂ ਸਿਵਾ ਕੁਝ ਵੀ ਨਹੀਂ। (ਸੁਕਰਾਤ)

-165-

ਵਰ੍ਹੇ ਤਾਂ ਇਤਨੀਆਂ ਨਸੀਹਤਾਂ ਦੇਂਦੇ ਹਨ, ਜਿਤਨੀਆਂ ਦਿਨ ਬੇਚਾਰੇ ਖ਼ਿਆਲ ਵਿਚ ਵੀ ਨਹੀਂ ਲਿਆ ਸਕਦੇ। (ਐਮਰਸਨ)

-166-

ਜਦ ਤਕ ਮਨੁੰਖ ਹਰ ਦਿਨ ਨੂੰ ਕਿਆਮਤ ਦਾ ਦਿਨ ਖ਼ਿਆਲ ਨਹੀਂ ਕਰਦਾ, ਉਹ ਕੁਝ ਵੀ ਨਹੀਂ ਕਰ ਸਕਦਾ। (ਐਮਰਸਨ)

-167-

ਨਾ ਮੇਘ ਤੇ ਨਦੀਆਂ ਆਪਣਾ ਪਾਣੀ ਆਪ ਪੀਂਦੇ ਹਨ ਤੇ ਨਾ ਹੀ ਬ੍ਰਿਛ ਆਪਣੇ ਫਲ ਆਪ ਖਾਂਦੇ ਹਨ। ਉਨ੍ਹਾਂ ਦੀ ਸਾਰੀ ਦੌਲਤ ਪਰਸੁਆਰਥ ਲਈ ਹੀ ਹੁੰਦੀ ਹੈ।

-168-

ਮਿਹਨਤ ਕਰ ਕੇ ਧਾਰਿਆ ਸੰਤੋਖ ਤੇ ਆਲਸ ਵਾਲਾ ਸੰਤੋਖ ਦੋਹਾਂ ਵਿੱਚੋਂ ਪਹਿਲਾ ਹੀ ਠੀਕ ਹੈ। (ਰਸਕਨ)

-169-

ਮੂੰਹ ਨਾਲ ਤਾਂ ਮਨੁੰਖ ਵੀ ਕਵਿਤਾ ਗੁਣਗੁਣਾ ਸਕਦਾ ਹੈ ਪਰ ਇਸ ਦਾ ਅਸਲ ਜਨਮ ਤੇ ਰਹਿਣ-ਟਿਕਾਣਾ ਨਾਰੀ ਦਾ ਕੋਮਲ ਦਿਲ ਹੈ।

-17●-

ਬੋਲਣ ਸਮੇਂ ਸ਼ਬਦਾਂ ਦੀ ਦਰੁਸਤੀ ਦੀ ਥਾਂ ਅਰਥਾਂ ਦੀ ਦਰੁਸਤੀ ਦਾ ਜ਼ਿਆਦਾ ਧਿਆਨ ਰੱਖੋ। (ਕੀਰੋਲ)

-171-

ਤੀਰਥ ਇਸ਼ਨਾਨੀ ਭੁਲੇਖੇ ਵਿਚ ਹਨ, ਤਨ ਧੋਣ ਨਾਲ ਕਦੀ ਮਨ ਤਾਂ ਨਹੀਂ ਨਾ ਧੋਤਾ ਜਾ ਸਕਦਾ। (ਗੁਰੂਅਮਰਦਾਸ)

-172-

ਆਮ ਤੌਰ 'ਤੇ ਬਹੁਤਾ ਬੁਲਾਰਾ, ਵੀਚਾਰਵਾਨ ਬੇਚਾਰਾ ਘੱਟ ਹੀ ਹੁੰਦਾ ਹੈ। (ਹੈਜ਼ਲਿਟ)

-173-

ਮੂਰਖ ਤੇ ਉਸ ਦੇ ਬੋਲ ਛੇਤੀ ਹੀ ਅੱਡੋ-ਅੱਡਰੇ ਹੋ ਜਾਂਦੇ ਹਨ। (ਸ਼ੇਨਸਟੋਨ)

-174-

ਚੰਗੀ ਹਕੂਮਤ ਉਹ ਹੈ ਜਿਸ ਵਿਚ ਘੱਟ ਤੋਂ ਘੱਟ ਹਕੂਮਤ ਹੋਵੇ।

-175-

ਜਦ ਤਕ ਸ਼ਬਦ ਮੂੰਹੋਂ ਨਹੀਂ ਲਿਕਲਦਾ, ਉਹ ਤੁਹਾਡੇ ਕਾਬੂਵਿਚ ਹੈ: ਪਰ ਜਦੋਂ ਬਾਹਰ ਆ ਜਾਵੇ, ਫਿਰ ਤੁਸੀਂ ਉਸ ਦੇ ਕਾਬੂਵਿਚ ਆ ਜਾਂਦੇ ਹੋ। (ਸੁਕਰਾਤ)

-176-

ਉਸ ਵਿਸ਼ੇ ਦਾ ਮੁਤਾਲਿਆ ਨਾ ਕਰੋ, ਜਿਸ ਨੂੰ ਤੁਸੀਂ ਯਾਦ ਨਹੀਂ ਰੱਖ ਸਕਦੇ। ਉਹ ਯਾਦ ਰੱਖਣ ਦੀ ਵੀ ਕੋਈ ਲੋੜ ਨਹੀਂ, ਜੋ ਵਰਤੋਂ ਵਿਚ ਨਾ ਆ ਸਕੇ। (ਲਵਾਂਕੀ)

-177-

ਸੰਭਵ ਵਿਚ ਵਿਸ਼ਵਾਸ ਰੱਖਣਾ ਫਿਲਾਸਫੀ ਹੈ, ਅਸੰਭਵ ਵਿਚ ਭਰੋਸਾ ਕਰਨਾ ਸ਼ਰਧਾ ਹੈ, ਸ਼ਰਧਾਲੂਲਈ ਕੁਝ ਵੀ ਅਸੰਭਵ ਨਹੀਂ।

-178-

ਕਾਫ਼ੀ ਚਿਰ ਸੰਸਾਰ ਵਿਚ ਰਹਿਣ ਕਰਕੇ ਮਨੁੰਖ ਦੀ ਜੀਉਂਦੇ ਰਹਿਣ ਦੀ ਲੋਚਾ ਵੱਧ ਜਾਂਦੀ ਹੈ ਤੇ ਉਹ ਮਰਨਾ ਪਸੰਦ ਨਹੀਂ ਕਰਦਾ। (ਟਾਮਸ ਬ੍ਰਾਊਨ)

-179-

ਇਹ ਬਿਲਕੁਲ ਮਹਾਨ ਸਚਾਈ ਹੈ ਕਿ ਅਸੀਂ ਮੌਤ ਲਈ ਪਰਮੇਸ਼ਰ ਦੇ ਰਿਣੀ ਹਾਂ। (ਸ਼ੈਕਸਪੀਅਰ)

-18●-

ਜ਼ਿੰਦਗੀ ਦਿਨ-ਕਟੀ ਲਈ ਨਹੀਂ ਮਿਲੀ, ਸਾਡਾ ਫ਼ਰਜ਼ ਹੈ ਇਸ ਨੂੰ ਚੰਗੀ ਤੋਂ ਚੰਗੀ ਬਣਾਈਏ (ਮਾਰਸ਼ਲ)

-181-

ਬਰੇਕਾਂ 'ਤੇ ਹੱਥ ਰੱਖਣ ਦਾ ਕੋਈ ਮਤਲਬ ਨਹੀਂ, ਚੰਗਾ ਡਰਾਈਵਰ ਤਾਂ ਉਹ ਹੈ ਜੋ ਇਨ੍ਹਾਂ ਨੂੰ ਸਮੇਂ ਸਿਰ ਵਰਤ ਸਕਦਾ ਹੈ।

-182-

ਗ਼ੁੱਸਾ ਅੱਗ ਦਾ ਹਵਨ ਕੁੰਡ ਹੈ ਜਿਸ ਵਿੱਚੋਂ ਨਿਕਲੇ ਸ਼ਬਦ ਬਲਦੇ ਕੋਲਿਆਂ ਵਾਂਗ ਸਾੜਵੇਂ ਹੁੰਦੇ ਹਨ, ਭਾਵੇਂ ਉਹ ਬਾਹਰੋਂ ਕਿਤਨੇ ਹੀ ਚਮਕੀਲੇ ਦਿੱਸਦੇ ਹੋਵਣ।

-183-

ਕਰੋਧ ਦਾ ਅਰੰਭ ਝੱਲਪੁਣੇ ਤੋਂ ਹੁੰਦਾ ਹੈ ਤੇ ਇਸ ਦਾ ਅੰਤ ਪਛਤਾਵੇ ਦੇ ਖਾਰੇ ਸਾਗਰ ਵਿਚ ਡੁੱਬ ਕੇ ਹੁੰਦਾ ਹੈ।
(ਮਾਂਡਰ)

-184-

ਜਿਵੇਂ ਸਾਗਰ ਦੇ ਡੂੰਘਾਣ ਵਿੱਚੋਂ ਮੋਤੀ ਜਨਮਦੇ ਹਨ, ਇਵੇਂ ਕੀਰਤੀ ਕਬਰਾਂ ਦੀ ਖ਼ਾਮੋਸ਼ੀ ਵਿੱਚੋਂ ਅੰਗੜਾਈ ਲੈਂਦੀ ਹੈ।

-185-

ਜੋ ਮਾਇਆ ਨੂੰ ਦਾਸੀ ਬਣਾਉਂਦਾ ਹੈ, ਉਹ ਸੁਭਾਗਾ ਹੈ, ਜੋ ਉਸ ਦਾ ਗ਼ੁਲਾਮ ਬਣ ਜਾਂਦਾ ਹੈ, ਉਹ ਨਿਭਾਗਾ ਹੈ।

-186-

ਧਨ ਵਿਚ ਵਿਸ਼ਵਾਸ ਨਾ ਰੱਖੋ, ਵਿਸ਼ਵਾਸ ਵਿਚ ਸਾਰਾ ਧਨ ਲਾ ਦਿਓ। (ਹੋਲਮਸ)

-187-

ਊਠ ਦਾ ਸੂਈ ਦੇ ਨੱਕੇ ਥਾਣੀਂ ਲੰਘ ਜਾਣਾ ਮੁਸ਼ਕਲ ਨਹੀਂ, ਪ੍ਰੰਤੂਮਾਇਆਧਾਰੀ ਦਾ ਸੁਰਗ ਵਿਚ ਦਾਖ਼ਲ ਹੋਣਾ ਅਸੰਭਵ ਹੈ। (ਬਾਈਬਲ)

-188-

ਪਿਆਰ ਵਿਚ ਮੋਇਆ ਬੰਦਿਆਂ ਦੇ ਸੁੰਦਰ ਬਚਨ ਕਵਿਤਾ ਹੁੰਦੇ ਹਨ। (ਪ੍ਰੋ.ਪੂਰਨ ਸਿੰਘ)

-189-

ਸ਼ੇਰ ਭੁੱਖਾ ਤਾਂ ਮਰ ਜਾਏਗਾ, ਪਰ ਆਪਣੇ ਜੀਵਨ-ਮਿਆਰ ਤੋਂ ਡਿੱਗ ਕੇ ਘਾਹ ਫੂਸ ਖਾ ਕੇ ਦਿਨ ਕੱਟੀ ਨਹੀਂ ਕਰੇਗਾ।

-190-

ਇਹ ਕੈਸੀ ਸ਼ਰਮਨਾਕ ਗੱਲ ਹੈ ਕਿ ਲੋਕ ਜ਼ਿੰਦਗੀ ਨੂੰ ਲੰਮਿਆਂ ਕਰਨ ਦਾ ਜਤਨ ਤਾਂ ਕਰਦੇ ਹਨ, ਪਰ ਚੰਗਿਆਂ ਬਣਾਉਣ ਲਈ ਕੁਛ ਵੀ ਨਹੀਂ ਕਰਦੇ। (ਕੋਲਟਨ)

-191-

ਸਹਾਇਤਾ ਲੈਣ ਦੀ ਨਿਸਬਤ ਸਹਾਇਤਾ ਦੇਣਾ ਜ਼ਿਆਦਾ ਪ੍ਰਸੰਨਤਾ ਦਾ ਕਾਰਨ ਬਣਦਾ ਹੈ।

-192-

ਸਾਡੇ ਔਗੁਣ ਹੀ ਅਸਲ ਜ਼ੰਜੀਰਾਂ ਦੀਆਂ ਮਜ਼ਬੂਤ ਕੜੀਆਂ ਹਨ, ਇਨ੍ਹਾਂ ਤੋਂ ਛੁਟਕਾਰਾ ਕੇਵਲ ਗੁਣਾਂ ਜਾਂ ਨੇਕ ਸਿਫ਼ਤਾਂ ਰਾਹੀਂ ਹੀ ਪਾਇਆ ਜਾ ਸਕਦਾ ਹੈ। (ਗੁਰੂਨਾਨਕ)

-193-

ਸਚਾਈ ਕਿਤਾਬਾਂ ਵਿਚ ਨਹੀਂ, ਭਲਾਈ ਦੇ ਕੰਮਾਂ ਵਿਚ ਸਮਾਈ ਹੋਈ ਹੈ, ਉਥੋਂ ਲੱਭੋ। (ਜੇਮਜ਼)

-194-

ਜੋ ਆਪਣੇ ਮਨ ਨੂੰ ਸੂੱਛ ਕਰ ਲੈਂਦਾ ਹੈ, ਉਹ ਸੰਸਾਰ 'ਤੇ ਮਹਾਨ ਉਪਕਾਰ ਕਰਦਾ ਹੈ।

-195-

ਦੋਜ਼ਖ਼ ਦਾ ਡਰ ਹੀ ਅਸਲ ਦੋਜ਼ਖ਼ ਹੈ ਤੇ ਸਵਰਗ ਦਾ ਸ਼ੌਕ ਹੀ ਅਸਲੀ ਸੁਰਗ ਹੈ। (ਖ਼ਲੀਲ ਜਿਬਰਾਨ)

-196-

ਜਦ ਅਸੀਂ ਕਿਸੇ ਮਹਾਂਪੁਰਸ਼ ਸੰਬੰਧੀ ਝਗੜਾਲੂ ਚਰਚਾ ਛੇੜ ਬਹਿੰਦੇ ਹਾਂ, ਤਾਂ ਅਸਲ ਵਿਚ ਉਸ ਨੂੰ ਤੇ ਉਸ ਦੇ ਮਿਸ਼ਨ ਨੂੰ ਭੁੱਲ ਹੀ ਜਾਂਦੇ ਹਾਂ।

-197-

ਜੋ ਘੜੀ ਠੀਕ ਚੱਲ ਰਹੀ ਹੈ, ਉਹ ਹੋਰਾਂ ਨੂੰ ਵੀ ਠੀਕ ਕਰ ਸਕਦੀ ਹੈ। ਜੋ ਆਪ ਗ਼ਲਤ ਹੈ, ਉਹ ਦੂਸਰਿਆਂ ਨੂੰ ਵੀ ਭੁਲੇਖੇ ਵਿਚ ਹੀ ਪਾਏਗੀ।

-198-

ਜੋ ਮੇਰਾ ਚੇਲਾ ਬਣਨਾ ਚਾਹੁੰਦਾ ਹੈ, ਉਹ ਪਹਿਲੇ ਆਪਣਾ ਆਪ ਭੁਲਾ ਕੇ ਮੇਰੇ ਵੱਲ ਆਵੇ। (ਹਜ਼ਰਤ ਈਸਾ)

-199-

ਸੁਪਨੇ ਤੱਕਣੇ, ਮਿਹਨਤ ਕਰਨੀ ਤੇ ਉਦੇਸ਼ ਵਿਚ ਅਸਫਲ ਰਹਿਣਾ, ਸੁਪਨੇ ਨਾ ਤੱਕਣ ਤੇ ਮਿਹਨਤ ਨਾ ਕਰਨ ਨਾਲੋਂ ਤਾਂ ਚੰਗੇਰਾ ਹੈ। (ਲੂਸ਼ੀਆ ਟ੍ਰੇਂਡ)

-200-

ਸ਼ਹਿਨਸ਼ਾਹੀਅਤ, ਮਾਇਆ, ਹੁਸਨ, ਜਾਤੀ-ਅਭਿਮਾਨ ਤੇ ਅੰਨ੍ਹੀ ਜੁਆਨੀ ਪੰਜੇ ਜ਼ਿੰਦਗੀ ਦੇ ਚੋਰ ਹਨ। (ਗੁਰੂਨਾਨਕ)

-201-

ਚੰਗਾ ਮਨੁੱਖ ਉਹ ਹੈ ਜੋ ਆਪਣੀ ਵਡਿਆਈ ਸੁਣ ਕੇ ਤਾਂ ਲੱਜਿਤ ਹੁੰਦਾ ਹੈ ਤੇ ਆਪਣੀ ਨਿੰਦਾ ਸੁਣ ਕੇ ਖ਼ਾਮੋਸ਼ ਰਹਿੰਦਾ ਹੈ। (ਖ਼ਲੀਲ ਜਿਬਰਾਨ)

-2●2-

ਜੋ ਮਨੁੱਖ ਰੱਬ ਦੇ ਬੰਦਿਆਂ ਨਾਲ ਨਫ਼ਰਤ ਕਰਦਾ ਹੈ, ਉਹ ਰੱਬ ਨਾਲ ਪਿਆਰ ਨਹੀਂ ਕਰ ਸਕਦਾ।

-2●3-

ਗ਼ਰੀਬੀ ਇਕ ਆਰਜ਼ੀ ਗੁੰਝਲ ਹੈ, ਮਗਰ ਜ਼ਰੂਰਤ ਤੋਂ ਜ਼ਿਆਦਾ ਦੌਲਤ ਇਕ ਸਦੈਵੀ ਗੁੰਝਲ ਹੈ।

-2●4-

ਵਿਹਲਾ ਮਨ ਤਾਂ ਉਸ ਕਾਰਖ਼ਾਨੇ ਵਾਂਗ ਹੈ, ਜੋ ਸ਼ੈਤਾਨ ਨੂੰ ਹਮੇਸ਼ਾ ਲਈ ਠੇਕੇ 'ਤੇ ਦੇ ਦਿੱਤਾ ਗਿਆ ਹੋਵੇ।

-2●5-

ਕਿਸੇ ਮਜ਼੍ਹਬ ਨੂੰ ਇਸ ਲਈ ਮਤ ਧਾਰਨ ਕਰੋ ਕਿ ਉਹ ਕਿਸੇ ਬਾਦਸ਼ਾਹ ਜਾਂ ਅਮੀਰ ਨੇ ਧਾਰਿਆ ਹੋਇਆ ਹੈ, ਤੁਸੀਂ ਆਪਣੀ ਤਸੱਲੀ ਵੇਖੋ ! (ਰਾਮ ਤੀਰਥ)

-2●6-

ਜੋਸ਼ ਵਿਚ ਹੀ ਆਏ ਰਹਿਣਾ ਅੱਧੀ ਜ਼ਿੰਦਗੀ ਤੇ ਬੇ-ਦਿਲੀ ਧਾਰ ਬੈਠਣਾ ਅੱਧੀ ਮੌਤ ਹੈ, ਅਸਲੀ ਜੀਵਨ ਸਾਵਾਂ-ਪੱਧਰਾ ਰਹਿਣ ਵਿਚ ਹੈ।

-2●7-

ਧਰਤੀ ਜਦੋਂ ਸਾਹ ਲੈਂਦੀ ਹੈ ਤਾਂ ਅਸੀਂ ਪੈਦਾ ਹੋ ਜਾਂਦੇ ਹਾਂ, ਜਦੋਂ ਉਹ ਸੁਆਸ ਖਿੱਚਦੀ ਹੈ ਤਾਂ ਮਰ ਜਾਂਦੇ ਹਾਂ।

(ਖ਼ਲੀਲ ਜਿਬਰਾਨ)

-2●8-

ਅਗਰ ਪਿਆਰ ਦੌਲਤਾਂ ਨਾਲ ਖ਼ਰੀਦਿਆ ਜਾ ਸਕਦਾ ਤਾਂ ਸੋਨੇ ਦੀ ਲੰਕਾ ਵਾਲੇ ਰਾਵਣ ਤੇ ਗੰਜਾਂ ਦੇ ਮਾਲਕ ਕਾਰੂੰ ਹੀ ਰਾਂਝੇ ਤੇ ਯੂਸਫ਼ ਬਣੇ ਹੁੰਦੇ।

-2●9-

ਜੋ ਆਦਮੀ ਸਵਾਲ ਕਰਨ ਵਿਚ ਹੁਸ਼ਿਆਰ ਹੋਵੇ, ਉਹ ਜਵਾਬ ਦੇਣ ਲਈ ਆਮ ਤੌਰ 'ਤੇ ਕਮਜ਼ੋਰ ਹੁੰਦਾ ਹੈ।

(ਖ਼ਲੀਲ ਜਿਬਰਾਨ)

-21●-

ਸ਼ੇਰ ਨੂੰ ਕਿਸੇ ਨੇ ਰਾਜ-ਤਿਲਕ ਦਿੱਤਾ ਹੈ, ਉਹ ਆਪਣੇ ਆਪ ਹੀ ਜੰਗਲ ਦਾ ਬਾਦਸ਼ਾਹ ਹੈ। ਜੇ ਬਾਦਸ਼ਾਹ ਬਣਨਾ ਹੈ ਤਾਂ ਸ਼ੇਰ ਬਣੋ।

-211-

'ਚਲੇ ਜਾਓ, ਚਲੇ ਜਾਓ', ਮੇਰੇ ਪਾਸ ਵਿਹਲ ਨਹੀਂ ਕਿ ਮੈਂ ਤੁਹਾਨੂੰ ਉਸ ਦੇ ਔਗੁਣ ਗਿਣ ਗਿਣ ਦੱਸਾਂ।

-212-

ਅੱਖਾਂ ਮੀਟਣ ਨਾਲ ਰੱਬ ਦਾ ਮਾਰਗ ਕੀ ਲੱਭਣਾ ਹੈ, ਅੱਖੀਆਂ ਮੀਟਣ 'ਤੇ ਤਾਂ ਇਸ ਸੰਸਾਰ ਦਾ ਵੀ ਰਾਹ ਦਿੱਸਣੋਂ ਬੰਦ ਹੋ ਜਾਂਦਾ ਹੈ। (ਗੁਰੂਗੋਬਿੰਦ ਸਿੰਘ)

-213-

ਇੱਕੋ ਬ੍ਰਿਛ 'ਤੇ ਰਹਿਣ ਵਾਲੇ ਪੰਛੀ ਇੱਕ ਦੂਜੇ ਦਾ ਆਲ੍ਹਣਾ ਫੂਕ ਕੇ ਕਦੀ ਸੁੱਖ ਆਰਾਮ ਨਾਲ ਨਹੀਂ ਸੌਂ ਸਕਦੇ।

-214-

ਨੀਚ ਆਦਮੀ ਦਾ ਧਿਆਨ ਸਦਾ ਘ੍ਰਿਣਤ ਕੰਮਾਂ ਵੱਲ ਹੀ ਰਹਿੰਦਾ ਹੈ, ਮੱਖੀ ਸਾਰੇ ਸੁੰਦਰ ਸਰੀਰ ਨੂੰ ਛੱਡ ਕੇ ਜ਼ਖ਼ਮ ਵਾਲੀ ਥਾਂ 'ਤੇ ਹੀ ਆ ਕੇ ਬੈਠਦੀ ਹੈ।

-215-

ਅਗਨੀ ਦੀ ਸੰਗਤ ਕਰਨ ਵਾਲਾ ਲੋਹਾ ਆਪਣੇ ਮੂੰਹ 'ਤੇ ਚੋਟਾਂ ਹੀ ਖਾਂਦਾ ਹੈ, ਮਾੜੇ ਦੀ ਸੰਗਤ ਕਦੇ ਵੀ ਲਾਭਦਾਇਕ ਸਾਬਤ ਨਹੀਂ ਹੁੰਦੀ।

-216-

ਜੰਗ ਦਾ ਐਲਾਨ ਤਾਂ ਬਾਦਸ਼ਾਹ ਜਾਂ ਜਰਨੈਲ ਕਰਦੇ ਹਨ, ਪਰ ਮਰਨਾ ਬੇਚਾਰੇ ਗ਼ਰੀਬਾਂ ਨੂੰ ਪੈ ਜਾਂਦਾ ਹੈ।

-217-

ਮੇਘ ਧਰਤੀ ਨੂੰ ਹਰਿਆ-ਭਰਿਆ ਕਰਨ ਲਈ ਨਹੀਂ, ਉਹ ਤਾਂ ਸਭ ਚਾਤ੍ਰਿਕ ਦੀ ਆਤਮਿਕ ਸ਼ਾਂਤੀ ਲਈ ਆਉਂਦੇ ਹਨ।

-218-

ਰਾਤ ਦੀ ਵਿਛੜੀ ਹੋਈ ਚਕਵੀ ਦਿਨ ਚੜ੍ਹੇ ਫਿਰ ਆਪਣੇ ਪੀਆ ਨੂੰ ਆ ਮਿਲਦੀ ਹੈ, ਪਰ ਪ੍ਰਭੂ ਤੋਂ ਵਿਛੜੇ ਕਦੀ ਵੀ ਮਿਲਾਪ ਦਾ ਅਵਸਰ ਹਾਸਲ ਨਹੀਂ ਕਰ ਸਕਦੇ। (ਕਬੀਰ)

-219-

ਸਿਤਾਰੇ ਕਦੀ ਵੀ ਘਬਰਾਉਂਦੇ ਨਹੀਂ ਕਿ ਦੁਨੀਆਂ ਉਨ੍ਹਾਂ ਨੂੰ ਟਟਹਿਣਿਆਂ ਵਾਂਗ ਸਮਝ ਰਹੀ ਹੋਵੇਗੀ।

-22●-

ਮੋਰ, ਕੰਵਲ ਤੇ ਕੁਮਦਨੀ ਧਰਤੀ 'ਤੇ ਰਹਿੰਦੇ ਹਨ ਅਤੇ ਮੇਘ, ਸੂਰਜ ਤੇ ਚੰਦ੍ਰਮਾ ਅਸਮਾਨਾਂ ਵਿਚ, ਪਰ ਪਿਆਰ ਦੀ ਦੁਨੀਆਂ ਵਿਚ ਇਹ ਵਿੱਥਾਂ ਕੋਈ ਅਰਥ ਨਹੀਂ ਰੱਖਦੀਆਂ।

-221-

ਮ੍ਰਿਗ ਵਾਂਗ ਆਪਣਾ ਤਨ ਮਨ ਨਿਛਾਵਰ ਕਰ ਕੇ ਸ਼ਿਕਾਰੀ ਦਾ ਗੀਤ ਕੋਈ ਵਿਰਲਾ ਆਸ਼ਕ ਹੀ ਸੁਣਦਾ ਹੈ। (ਤੁਲਸੀ ਦਾਸ)

-222-

ਪ੍ਰਵਾਨਿਆਂ ਨੂੰ ਕੁਰਬਾਨੀ ਦਾ ਸਬਕ ਪੜ੍ਹਨ ਲਈ ਕਿਸੇ ਸਕੂਲੇ ਨਹੀਂ ਪੈਣਾ ਪੈਂਦਾ ਤੇ ਨਾ ਹੀ ਕਿਸੇ ਉਸਤਾਦ ਕੋਲ ਜਾਣਾ ਪੈਂਦਾ ਹੈ।

-223-

ਕੇਵਲ ਭਲੇ ਲੋਕ ਬਣੋ ਹੀ ਨਾ, ਭਲਾ ਕਰਨ ਦਾ ਜਤਨ ਵੀ ਕਰੋ। (ਮਾਸਟਰ ਤਾਰਾ ਸਿੰਘ)

-224-

ਸੁਆਰਥ-ਪੂਰਣ ਪ੍ਰੀਤਿ ਜ਼ਿਆਦਾ ਦੇਰ ਨਹੀਂ ਨਿਭਦੀ। ਆਖ਼ਰ ਮੋਹਲੇ-ਧਾਰ ਵਰਖਾ ਸਮੇਂ ਟੁੱਟੇ ਛੱਪਰ ਹੇਠ ਕਿਤਨਾ ਕੁ ਸਮਾਂ ਲੰਘਾਇਆ ਜਾ ਸਕਦਾ ਹੈ। (ਬਾਬਾ ਫ਼ਰੀਦ)

-225-

ਕੁਝ ਲੋਕ ਉਹ ਹਨ ਜੋ ਆਪਣੇ ਗੁਣ 'ਤੇ ਮਾਣ ਕਰਦੇ ਹਨ ਤੇ ਕੁਝ ਨਹੀਂ ਵੀ ਕਰਦੇ। ਪਰ ਕੁਛ ਐਸੇ ਲੋਕ ਵੀ ਹਨ ਜੋ ਬਿਨਾਂ ਗੁਣਾਂ ਤੋਂ ਹੀ ਸਦਾ ਹੰਕਾਰੇ ਰਹਿੰਦੇ ਹਨ, ਉਹ ਅਸਲ ਮੂਰਖ ਹਨ। (ਗੁਰੂਨਾਨਕ)

-226-

ਚੰਗੇ ਆਦਮੀ ਸ੍ਵੈ-ਪ੍ਰਸ਼ੰਸਾ ਕਦੀ ਵੀ ਨਹੀਂ ਕਰਦੇ, ਕਿਉਂਕਿ ਇਸ ਵਿਚ ਕੋਈ ਰਸ ਨਹੀਂ। ਕੀ ਕੋਈ ਸੁੰਦਰੀ ਆਪ ਹੀ ਆਪਣੇ ਕੁਚ-ਮਰਦਨ ਕਰ ਕੇ ਪ੍ਰਸੰਨ ਹੋ ਸਕਦੀ ਹੈ?

-227-

ਤਮਾਸ਼ਾ ਵੇਖਣ 'ਤੇ ਖ਼ਰਚੇ ਪੈਸੇ ਥੋੜੇ ਸਮੇਂ ਦੀ ਖ਼ੁਸ਼ੀ ਹੀ ਦੇ ਸਕਦੇ ਹਨ, ਪ੍ਰੰਤੂ ਉਹੋ ਪੈਸੇ ਅਗਰ ਕਿਸੇ ਭੁੱਖੇ ਨੂੰ ਦਿੱਤੇ ਜਾਣ ਤਾਂ ਜੀਵਨ ਭਰ ਖ਼ੁਸ਼ੀ-ਭਰਪੂਰ ਯਾਦ ਹਾਸਲ ਕੀਤੀ ਜਾ ਸਕਦੀ ਹੈ। (ਰੂਸੋ)

-228-

ਦੁਖੀ ਆਦਮੀ ਦੀ ਮਦਦ ਉਸ ਦਾ ਭਾਰ ਹਲਕਾ ਕਰਨ ਵਿਚ ਨਹੀਂ, ਉਸ ਨੂੰ ਭਾਰ ਝੱਲਣ ਦੇ ਸਮਰੱਥ ਬਣਾਉਣਾ ਹੀ ਵਧੇਰੇ ਚੰਗੀ ਤੇ ਠੀਕ ਸਹਾਇਤਾ ਹੈ। (ਬ੍ਰਕਸ)

-229-

ਮੱਨੁਖ ਦੂਜਿਆਂ ਦੇ ਕਸੂਰ ਤਾਂ ਅੱਖਾਂ ਸਾਹਮਣੇ ਰੱਖ ਕੇ ਰਾਜ਼ੀ ਹੈ, ਪਰ ਆਪਣੇ ਕਸੂਰ ਪਿੱਠ ਪਿੱਛੇ ਛੁਪਾ ਕੇ ਰੱਖਦਾ ਹੈ। (ਟਾਲਸਟਾਇ)

-23●-

ਤੁਸੀਂ ਜਿਸ ਭੇਤ ਨੂੰ ਗੁਪਤ ਰੱਖਣਾ ਚਾਹੁੰਦੇ ਹੋ, ਉਹ ਕਦੀ ਆਪਣੇ ਮਿੱਤਰ ਨੂੰ ਵੀ ਨਾ ਦੱਸੋ, ਕਿਉਂਕਿ ਮਿੱਤਰ ਦੇ ਵੀ ਅੱਗੇ ਕਈ ਮਿੱਤਰ ਹੋਣੇ ਹਨ। (ਮਿਲਟਨ)

-231-

ਹੇ ਪ੍ਰਭੂ ! ਲੋਕ ਉਨ੍ਹਾਂ ਦਾ ਮਖ਼ੌਲ ਉਡਾ ਕੇ ਖ਼ੁਸ਼ ਹੁੰਦੇ ਹਨ, ਜਿਨ੍ਹਾਂ ਪਾਸ ਤੂੰ ਹੀ ਹੈਂ, ਹੋਰ ਕੁਛ ਵੀ ਨਹੀਂ। ਤੇ ਲੋਕ ਵੀ ਉਹ ਜਿਨ੍ਹਾਂ ਪਾਸ ਤੇਰੇ ਬਿਨਾਂ ਹੋਰ ਸਭ ਕੁਛ ਹੀ ਹੈ।

-232-

ਮੱਨੁਖ ਨੂੰ ਦੋ ਸਮਿਆਂ 'ਤੇ ਜ਼ਿਆਦਾ ਸਾਵਧਾਨ ਰਹਿਣਾ ਚਾਹੀਦਾ ਹੈ, ਖਾਣ-ਪੀਣ ਸਮੇਂ ਤੇ ਬੋਲਣ ਸਮੇਂ।

(ਸ਼ੇਖ਼ ਸਾਅਦੀ)

-233-

ਅਗਰ ਕੋਈ ਮੈਨੂੰ ਬਾਦਸ਼ਾਹ ਬਣਾ ਕੇ ਤਮਾਮ ਸੁਖ ਆਰਾਮ ਦੇ ਸਾਮਾਨ ਸੌਂਪ ਦੇਵੇ ਤੇ ਸ਼ਰਤ ਇਹ ਰੱਖੇ ਕਿ ਤੂੰ ਪੜ੍ਹਨਾ-ਗੁਣਨਾ ਛੱਡ ਦੇ, ਮੈਂ ਅਜੇਹੀ ਬਾਦਸ਼ਾਹੀ ਕਦੀ ਕਬੂਲ ਨਹੀਂ ਕਰਾਂਗਾ। (ਮੈਕਾਲੇ)

-234-

ਜ਼ਿੰਦਗੀ ਵਿਚ ਇਹ ਕੋਈ ਵਿਸ਼ੇਸ਼ਤਾ ਵਾਲੀ ਗੱਲ ਨਹੀਂ ਕਿ ਮੇਰੇ ਪਾਸ ਕੀ ਹੈ? ਅਹਿਮੀਅਤ ਵਾਲੀ ਗੱਲ ਤਾਂ ਇਹ ਹੈ ਕਿ ਮੈਂ ਕੀ ਹਾਂ। (ਰਾਮ ਤੀਰਥ)

-235-

ਧੀਰਜ ਤੇ ਮਿਹਨਤ ਨਾਲ ਸਾਲਾਂ ਵਿਚ ਤਿਆਰ ਕੀਤੇ ਮੰਦਰ ਨੂੰ ਕਰੋਧ ਛਿਨ ਭਰ ਵਿਚ ਭਸਮਾਭੂਤ ਕਰ ਦੇਂਦਾ ਹੈ।

(ਬਰਕਲੇ)

-236-

ਮੈਂ ਸਿਤਾਰ ਦੀਆਂ ਤਾਰਾਂ ਕੱਸਣ ਵਿਚ ਹੀ ਲੱਗਾ ਰਿਹਾ ਤੇ ਮੇਰਾ ਸਮਾਂ ਪੂਰਾ ਹੋ ਗਿਆ। ਪ੍ਰਭੂ ! ਜੋ ਗੀਤ ਗਾਉਣ ਲਈ ਤੁਸੀਂ ਆਦੇਸ਼ ਦਿੱਤਾ ਸੀ, ਮੈਂ ਉਹ ਗਾ ਨਹੀਂ ਸਕਿਆ। (ਟੈਗੋਰ)

-237-

ਗਿਆਨ ਉਹ ਖੰਭ ਹਨ ਜਿਨ੍ਹਾਂ ਦੇ ਸਦਕੇ ਅਸੀਂ ਬੇ-ਖੰਭੇ ਹੀ ਸੁਰਗਾਂ ਵੱਲ ਉਡਾਰੀ ਲਾ ਸਕਦੇ ਹਾਂ।

(ਸ਼ੈਕਸਪੀਅਰ)

-238-

ਬੈਠਿਆਂ-ਬੈਠਿਆਂ ਆਪਣੀਆਂ ਦਰਦ-ਕਹਾਣੀਆਂ ਨੂੰ ਛੇੜਦੇ ਰਹਿਣਾ, ਨਵੇਂ ਦੁੱਖਾਂ ਨੂੰ ਸੱਦਾ ਦੇਣ ਦੇ ਬਰਾਬਰ ਹੈ।

-239-

ਬੁੱਢੇ ਆਪ ਮੌਤ ਪਾਸ ਆ ਜਾਂਦੇ ਹਨ, ਜੁਆਨਾਂ ਨੂੰ ਮੌਤ ਆਪ ਲੈਣ ਆਉਂਦੀ ਹੈ।

-240-

ਮੌਤ ਸਾਨੂੰ ਇਸ ਲਈ ਡਰਾਉਣੀ ਜਿਹੀ ਜਾਪਦੀ ਹੈ, ਕਿਉਂਕਿ ਅਸੀਂ ਕਦੀ ਇਸ ਨਾਲ ਵਾਹ ਪਾ ਕੇ ਨਹੀਂ ਵੇਖਿਆ। (ਮੈਰੀਵਲ)

-241-

ਮੂਰਖ ਘੰਟੇ ਭਰ ਵਿਚ ਜਿਤਨੇ ਸਵਾਲ ਕਰ ਸਕਦਾ ਹੈ, ਸਿਆਣਾ ਪੁਰਸ਼ ਸਾਲਾਂ ਵਿਚ ਉਨ੍ਹਾਂ ਦਾ ਉੱਤਰ ਨਹੀਂ ਦੇ ਸਕਦਾ। (ਅਗਸਤੂ)

-242-

ਮੁਸਕਰਾਹਟ ਉਹ ਮਨੋਹਰ ਕੁੰਜੀ ਹੈ, ਜੋ ਕਿ ਹਰ ਦਰਵਾਜ਼ੇ ਦਾ ਜੰਦਰਾ ਖੋਲ੍ਹ ਦੇਂਦੀ ਹੈ। (ਜਾਰਜ ਹਰਬਰਟ)

-243-

ਦੇਖਣਾ ! ਸਰੀਰ ਦੀ ਚਮੜੀ ਦੇ ਗੋਰੇ ਰੰਗ ਨੂੰ ਰੂਹ ਜਾਂ ਆਤਮਾ ਦਾ ਰੰਗ ਸਮਝ ਕੇ ਕਿਤੇ ਭੁਲੇਖਾ ਨਾ ਖਾ ਜਾਣਾ।

-244-

ਉਹ ਧੰਨ ਹਨ ਜੋ ਬਿਨਾਂ ਹਉਮੈ ਦੇ ਹਨ ਕਿਉਂਕਿ ਉਨ੍ਹਾਂ ਦਿਆਂ ਹਿਰਦਿਆਂ ਵਿਚ ਪ੍ਰਭੂ ਲਈ ਥਾਂ ਖ਼ਾਲੀ ਹੈ, ਪਰਮ ਪਿਤਾ ਜ਼ਰੂਰ ਉਥੇ ਆਵੇਗਾ।

-245-

ਜੋ ਹੱਥ ਪ੍ਰਾਰਥਨਾ ਸਮੇਂ ਈਸ਼ੂਰ ਵੱਲ ਉੱਠਦੇ, ਪਰ ਦੂਸਰਿਆਂ ਦੀ ਸਹਾਇਤਾ ਕਰਨ ਸਮੇਂ ਬਗਲ ਵਿਚ ਛਿਪ ਜਾਂਦੇ ਹਨ, ਉਹ ਹੱਥ ਅਪਵਿੱਤਰ ਹਨ।

-246-

ਜਦ ਤਕ ਮਨੁੱਖ ਮੂੰਹੋਂ ਨਹੀਂ ਬੋਲਦਾ, ਉਸ ਦੇ ਗੁਣਾਂ ਦਾ ਪਤਾ ਨਹੀਂ ਲੱਗਦਾ। ਬੰਦ ਦੁਕਾਨ ਬਾਰੇ ਕੀ ਆਖਿਆ ਜਾ ਸਕਦਾ ਹੈ ਕਿ ਇਹ ਜੌਹਰੀ ਦੀ ਹੈ ਜਾਂ ਕੋਲਿਆਂ ਵਾਲੇ ਦੀ।

-247-

ਕਈ ਵੇਰ ਮਾਮੂਲੀ ਤਨ ਵੀ ਸੁੰਦਰ ਮਨਾਂ ਦੇ ਕਾਰਨ ਚਮਕ ਉੱਠਦੇ ਹਨ, ਜਿਵੇਂ ਮਹਾਤਮਾ ਦੇ ਨਿਵਾਸ ਨਾਲ ਸਾਧਾਰਨ ਛੱਪਰੀ ਵੀ ਸ਼ਾਹੀ ਮਹੱਲਾਂ ਦੀ ਸ਼ਾਨ ਨੂੰ ਮਾਤ ਪਾ ਦੇਂਦੀ ਹੈ।

-248-

ਸਿਆਣਾ ਗੱਲ ਕਰਦਾ ਹੈ ਤਾਂ ਸੰਕੋਜ ਤੋਂ ਕੰਮ ਲੈਂਦਾ ਹੈ, ਪਰ ਅਮਲ ਸਮੇਂ ਉਹੋਂ 'ਫੁਰਤੀ' ਦਾ ਸਬੂਤ ਦਿੰਦਾ ਹੈ।

-249-

ਜੇ ਤੁਸੀਂ ਕਿਸੇ 'ਤੇ ਸ਼ੱਕ ਕਰਦੇ ਹੋ, ਕੰਮ ਨਾ ਲਾਓ। ਜੇ ਕੰਮ ਲਾ ਲਿਆ ਤਾਂ ਸ਼ੱਕ ਨਾ ਕਰੋ।

-250-

ਦੂਸਰਿਆਂ ਦੀ ਰਾਇ ਜਾਨਣ ਤੋਂ ਪਹਿਲਾਂ ਆਪਣੇ ਬਾਰੇ ਆਪ ਜ਼ਰੂਰ ਸਹੀ ਰਾਇ ਕਾਇਮ ਕਰ ਛੱਡੋ, ਕਿਉਂਕਿ ਆਪਣੇ ਆਪ ਦਾ ਪਾਰਖੂ ਆਪੇ ਤੋਂ ਵੱਧ ਕੋਈ ਨਹੀਂ। (ਮਰੀਸਨ)

-251-

ਜੇ ਗ਼ੁੱਸਾ ਆਵੇ ਤਾਂ ਬੋਲਣ ਤੋਂ ਪਹਿਲਾਂ ਦਸ ਤਕ ਗਿਣੋ, ਜੇ ਜ਼ਿਆਦਾ ਹੀ ਕ੍ਰੋਧ ਹੋਵੇ ਤਾਂ ਸੌ ਤਕ ਜ਼ਰੂਰ ਗਿਣਨਾ ਚਾਹੀਦਾ ਹੈ।

-252-

ਕਿਸੇ ਨੂੰ ਕੰਧੇ 'ਤੇ ਜੜ੍ਹਾਅ ਕੇ ਪਾਰ ਲੰਘਾਉਣ ਨਾਲੋਂ ਤਾਰੀ ਦੀ ਜਾਚ ਸਿਖਾ ਦੇਣਾ ਬਿਹਤਰ ਹੈ। (ਕ੍ਰਿਸ਼ਨ ਤੀਰਥ)

-253-

ਮੈਂ ਸਮੇਂ ਨੂੰ ਬਰਬਾਦ ਕੀਤਾ ਹੈ, ਹੁਣ ਸਮੇਂ ਮੈਨੂੰ ਬਰਬਾਦ ਕਰਨ 'ਤੇ ਤੁਲਿਆ ਹੋਇਆ ਹੈ। (ਸ਼ੈਕਸਪੀਅਰ)

-254-

ਪ੍ਰਭੂ ! ਮੈਨੂੰ ਤਾਂ ਇਤਨਾ ਹੀ ਅੰਨ ਦਾਣਾ ਚਾਹੀਦਾ ਹੈ, ਜਿਸ ਨਾਲ ਪਰਿਵਾਰ ਦਾ ਗੁਜ਼ਾਰਾ ਹੁੰਦਾ ਜਾਵੇ ਤੇ ਕੋਈ ਦਰਵੇਸ਼ ਸਾਧੂ ਆਇਆ ਗਿਆ ਘਰੋਂ ਭੁੱਖਾ ਨਾ ਜਾਵੇ। (ਕਬੀਰ)

-255-

ਇੰਦਰਿਆਂ ਤੇ ਮਨ ਨੂੰ ਬਚਤ ਨਾਲ ਵਰਤਣ ਨਾਲ ਰੂਹ ਅਮੀਰ ਹੋ ਜਾਂਦੀ ਹੈ।

-256-

ਫੁੱਲਾਂ ਵਾਸਤੇ ਜੋ ਕੁਝ ਸੂਰਜੀ ਕਿਰਨਾਂ ਹਨ, ਉਹੋ ਮਨੁੱਖ ਲਈ ਮੁਸਕਰਾਹਟ ਕੰਮ ਦੇਂਦੀਆਂ ਹਨ।

-257-

ਜਿਸ ਦਾ ਖ਼ਿਆਲ ਬੇ-ਤਰਤੀਬਾ ਹੈ, ਉਸ ਦਾ ਘਰ-ਬਾਰ, ਪਹਿਨਣ-ਖਾਣ ਤੇ ਬੋਲ-ਚਾਲ ਸਭੋ ਕੁਝ ਬੇ-ਤਰਤੀਬਾ ਹੈ।

-258-

ਸ਼ਹਿਨਸ਼ਾਹਾਂ ਦੀ ਯਾਦ ਵਿਚ ਲਗਾਏ ਸੋਨੇ ਦੇ ਪੱਤਰੇ ਤੇ ਪੱਥਰ ਉਤਨਾ ਚਿਰ ਜੀਉਂਦੇ ਨਹੀਂ ਰਹਿੰਦੇ, ਜਿਤਨਾ ਚਿਰ ਕਵੀ ਦਾ ਮਹਾਂਕਾਵਯ ਜ਼ਿੰਦਾ ਰਹਿੰਦਾ ਹੈ। (ਸ਼ੈਕਸਪੀਅਰ)

-259-

ਨੇਕੀ ਦਾ ਸੋਮਾ ਤੁਹਾਡੇ ਆਪਣੇ ਅੰਦਰ ਹੈ, ਤੁਸੀਂ ਸਾਧਾਂ, ਫ਼ਕੀਰਾਂ ਤੇ ਪੀਰਾਂ ਕੋਲ ਕੀ ਲੱਭਦੇ ਫਿਰਦੇ ਹੋ। (ਰਾਮ ਤੀਰਥ)

-260-

ਜ਼ਿੰਦਗੀ ਨੂੰ ਸੰਪੂਰਨ ਕਰਨ ਲਈ ਮਜ਼ਬ ਰਚਿਆ ਗਿਆ ਸੀ, ਮਜ਼ਬ ਲਈ ਜ਼ਿੰਦਗੀ ਨਹੀਂ ਸੀ ਬਣਾਈ ਗਈ।

-261-

ਚੰਗੇ ਉਹ ਹਨ, ਜੋ ਬੁਰਿਆਈ ਦਾ ਮੌਕਾ ਮਿਲਣ 'ਤੇ ਵੀ ਚੰਗੇ ਰਹਿੰਦੇ ਹਨ।

-262-

ਜ਼ਿੰਦਗੀ ਨੂੰ ਨਿੱਕੇ-ਨਿੱਕੇ ਕੰਮਾਂ ਲਈ ਨਾ ਗੁਆਓ, ਇਸ ਦੀ ਸਾਧਨਾ ਕਿਸੇ ਵੱਡੇ ਆਦਰਸ਼ ਨੂੰ ਲੈ ਕੇ ਕੀਤੀ ਗਈ ਹੈ।

-263-

ਆਪਣੀ ਸੁੰਦਰਤਾ ਨੂੰ ਕਿਸੇ ਪੀਰ ਪੈਗ਼ੰਬਰ ਜਾਂ ਗੁਰੂਅਵਤਾਰ ਦੀ ਭੇਟਾ ਨਾ ਕਰ ਦਿਓ। (ਰਾਮ ਤੀਰਥ)

-264-

ਉਹ ਸਚਾਈ, ਜੋ ਬੁਰੀ ਨੀਅਤ ਨਾਲ ਕਹੀ ਗਈ ਹੈ, ਉਹ ਦੁਨੀਆਂ ਦੇ ਸਭ ਝੂਠਾਂ ਤੋਂ ਬੁਰੀ ਹੈ।

-265-

ਝੂਠ ਉਤਨਾ ਚਿਰ 'ਚ ਸਾਰੇ ਜਗਤ ਦੀ ਸੈਰ ਕਰ ਕੇ ਆ ਜਾਂਦਾ ਹੈ, ਜਦੋਂ ਦਿ ਸੱਚ ਅਜੇ ਕਮਰਕੱਸਾ ਹੀ ਕਰ ਰਿਹਾ ਹੁੰਦਾ ਹੈ।

-266-

ਸੱਚੇ ਮਜ਼ਬ ਦਾ ਭਾਵ ਨੇਕੀ ਵਿਚ ਅਮਲੀ ਯਕੀਨ ਹੈ, ਲੋਕ-ਭਲਾਈ ਜਾਂ ਪਰੋਪਕਾਰ ਦੀ ਸੱਚੀ ਕਾਰ ਹੈ।

-267-

ਗ਼ਰੀਬਾਂ ਨੂੰ ਦੇਣਾਂ ਰੱਬ ਨੂੰ ਉਧਾਰ ਦੇਣ ਬਰਾਬਰ ਹੈ, ਉਹ ਸਣੇ ਸੂਦ ਤੁਹਾਨੂੰ ਵਾਪਸ ਦੇਵੇਗਾ।

-268-

ਧੋਖਾ ਖਾਣਾ ਮੂਰਖ ਦਾ ਕੰਮ ਹੈ ਤੇ ਧੋਖਾ ਦੇਣਾ ਬੇਈਮਾਨ ਦਾ ਕੰਮ ਹੈ।

-269-

ਜੋ ਜਿੱਤ ਪਚਾ ਨਹੀਂ ਸਕਦਾ, ਉਹ ਜ਼ਰੂਰ ਹਾਰੇਗਾ। ਜੋ ਹਾਰ ਸਹਾਰ ਨਹੀਂ ਸਕਦਾ, ਉਹ ਜ਼ਰੂਰ ਮਰੇਗਾ (ਮਾਸਟਰ ਤਾਰਾ ਸਿੰਘ)

-270-

ਬੇਈਮਾਨ ਉਹੋ ਹੈ, ਜੋ ਅਸਲੀਅਤ ਦਾ ਪਤਾ ਲੱਗਣ 'ਤੇ ਵੀ ਗ਼ਲਤੀ 'ਤੇ ਅੜਿਆ ਰਹਿੰਦਾ ਹੈ।

-271-

ਤੁਅੱਸਬ ਪੱਥਰ ਦੀ ਅੱਖ ਵਾਂਗ ਹੈ, ਜੋ ਦੇਖਣ ਵਿਚ ਗੋਲਾਕਾਰ ਤੇ ਕੁਝ ਕੁਝ ਸੋਹਣੀ ਵੀ ਜਾਪਦੀ ਹੈ, ਪਰ ਇਹ ਦੇਖ ਨਹੀਂ ਸਕਦੀ।

-272-

ਗ਼ਲਤੀ ਹੋ ਜਾਣਾ ਇਨਸਾਨੀਅਤ ਹੈ, ਪਰ ਕਰ ਕੇ ਨਾ ਮੰਨਣਾ ਸ਼ੈਤਾਨੀਅਤ ਹੈ।

-273-

ਮਨੁੱਖ ਨੂੰ ਪੜ੍ਹਨਾ ਭਾਵੇਂ ਔਖਾ ਹੈ, ਪਰ ਉਹ ਅੱਖੀਆਂ ਤੋਂ ਸੌਖਿਆਂ ਪੜ੍ਹਿਆ ਜਾ ਸਕਦਾ ਹੈ।

-274-

ਹੇ ਰੱਬਾ ! ਮੈਨੂੰ ਤਾਂ ਇਹ ਦਾਨ ਦੇਵੀਂ ਕਿ ਦਾਨ ਮੰਗਣ ਦੀ ਮੇਰੀ ਆਦਤ ਹੀ ਨਾ ਬਣੇ।

-275-

ਦੇਖੋ ਅਸੀਂ ਵਿਛੋੜੇ ਦਾ ਕਸ਼ਟ ਵੀ ਸਹਾਰ ਲਿਆ ਹੈ, ਕਿਆਮਤ ਦੀ ਤਕਲੀਫ਼ ਤਾ ਸਾਰੇ ਹੀ ਜਾਣਦੇ ਹਨ, ਫਿਰ ਉਹ ਸਾਡੇ ਲਈ ਕੀ ਮੁਸ਼ਕਲ ਹੈ। (ਜ਼ੇਬੁਲਨਿਸਾ)

-276-

ਜਿਸ ਨੂੰ ਕੋਈ ਆਦਮੀ ਵੀ ਚੰਗਾ ਨਹੀਂ ਲੱਗਦਾ, ਦਰਅਸਲ ਉਹ ਆਪ ਵੀ ਚੰਗਾ ਨਹੀਂ ਹੁੰਦਾ।

-277-

ਮਨੁੱਖ ਜਦੋਂ ਪਸ਼ੂ ਹੋ ਜਾਵੇ, ਉਹ ਕਈ ਵਾਰ ਪਸ਼ੂ ਨਾਲੋਂ ਵੀ ਭੈੜਾ ਹੋ ਜਾਂਦਾ ਹੈ।

-278-

ਸ਼ਾਇਦ ਕੋਈ ਵੀ ਕਵੀ ਨਾ ਹੋ ਸਕਦਾ ਤੇ ਨਾ ਹੀ ਕੋਈ ਕਵਿਤਾ ਦਾ ਸੁਆਦ ਲੈ ਸਕਦਾ, ਜੇ ਵੀਚਾਰ-ਪ੍ਰਵਾਹ ਵਿਚ ਕੁਝ-ਕੁਝ ਪਾਗਲਪਣ ਨਾ ਹੁੰਦਾ। (ਮੈਕਾਲੇ)

-279-

ਸਫਲਤਾ ਕਿਸੇ ਕੰਮ ਬਾਰੇ ਜਾਣਨ ਨਾਲ ਹੀ ਨਹੀਂ ਮਿਲ ਜਾਂਦੀ, ਉਸ ਦੇ ਕੀਤਿਆਂ ਹੀ ਮਿਲਦੀ ਹੈ।

-28●-

ਗ਼ਰੀਬ ਪਾਸ ਸਿਵਾਇ ਆਪਣੀ ਗ਼ਰੀਬੀ ਦੇ, ਗੁਆਉਣ ਲਈ ਕੁਝ ਵੀ ਨਹੀਂ, ਉਸ ਦੇ ਫ਼ਤਹਿ ਕਰਨ ਲਈ ਤਾਂ ਸਾਰਾ ਸੰਸਾਰ ਪਿਆ ਹੈ।

-281-

ਸੁਪਨਿਆਂ ਦਾ ਖ਼ਿਆਲ ਹੈ ਕਿ ਸਾਡਾ ਰਾਤ ਵੇਲੇ ਜਾਗਣਾ ਵੀ ਕਦੀ ਨਾ ਕਦੀ ਸਫਲਤਾ ਦਾ ਕਰਨ ਬਣੇਗਾ।

-282-

ਉਹ ਲਿਖਾਰੀ ਭੁੱਲ ਵਿਚ ਹਨ, ਜੋ ਪ੍ਰਭੂ ਦਾ ਨਾਮ ਛੱਡ ਕੇ ਹੋਰ ਕਿਤਾਬੀ ਗਿਆਨ ਦੀਆਂ ਝਰੀਟਾਂ ਖਿੱਚਣ 'ਤੇ ਜ਼ੋਰ ਦੇਈ ਰੱਖਦੇ ਹਨ। (ਗੁਰੂਨਾਨਕ)

-283-

ਹਾਕਮਾਂ ਨੂੰ ਓਨੇ ਹੀ ਗ਼ਰੀਬ ਰਹਿਣਾ ਚਾਹੀਦਾ ਹੈ, ਜੇਡੀ ਉਨ੍ਹਾਂ ਦੀ ਰਿਆਇਆ ਹੋਵੇ। ਜਿਤਨੇ ਉੱਚੇ ਉਹ ਆਪ ਹੋਣਾ ਚਾਹੁਣ, ਚੰਗਾ ਹੈ ਪਹਿਲੇ ਉਤਨਾ ਉੱਚਾ ਪਰਜਾ ਨੂੰ ਕਰਨ। (ਲੈਨਿਨ)

-284-

ਖ਼ਾਮੋਸ਼ੀ 'ਤੇ ਪਛਤਾਵਾ ਨਹੀਂ ਕਰਨਾ ਪੈਂਦਾ, ਜਿਤਨਾ ਬੋਲਣ 'ਤੇ ਕਰਨਾ ਪੈਂਦਾ ਹੈ।

-285-

ਪੰਛੀ ਦੇ ਖੰਭਾਂ ਨੂੰ ਅਗਰ ਸੋਨੇ ਦੇ ਗਹਿਣਿਆਂ ਨਾਲ ਸ਼ਿੰਗਾਰ ਦਿੱਤਾ ਜਾਵੇ, ਉਹ ਉੱਡ ਨਹੀਂ ਸਕੇਗਾ।

-286-

ਅਸੀਂ ਇਹ ਕਦੀ ਵੀ ਮੰਨ ਨਹੀਂ ਸਕਦੇ ਕਿ ਪਿਆਰ ਕਦੀ ਹਾਰ ਵੀ ਸਕਦਾ ਹੈ।

-287-

ਤੁਸੀਂ ਜੋ ਕੁਝ ਕਰਾਉਣਾ ਚਾਹੁੰਦੇ ਹੋ, ਮੁਸਕਾਨ ਨਾਲ ਕਰਾਓ, ਤੇਜ਼ ਤਿੱਖੀ ਮਾਰੂਕ੍ਰਿਪਾਨ ਨਾਲ ਨਹੀਂ। (ਸ਼ੈਕਸਪੀਅਰ)

-288-

ਕੰਡਿਆਲੀ ਧਰਤੀ ਤੋਂ ਬਚਣ ਲਈ ਬਜਾਇ ਇਸ ਦੇ ਕਿ ਤੁਸੀਂ ਸਾਰੀ ਧਰਤੀ ਨੂੰ ਚਮੜੇ ਨਾਲ ਮੜ੍ਹੋ, ਆਪਣੇ ਪੈਰਾਂ ਨੂੰ ਹੀ ਚਮੜੇ ਵਿਚ ਲਪੇਟ ਲਓ। (ਸ਼ਾਂਤਿਦੇਵ)

-289-

ਸਿਧਾਂਤ ਬਿਨਾਂ ਪ੍ਰਯੋਗ ਅੰਨ੍ਹਾ ਹੈ ਤੇ ਬਿਨਾਂ ਪ੍ਰਯੋਗ (ਅਮਲ) ਦੇ ਸਿਧਾਂਤ ਨਿਪੁੰਸਕ ਹੈ।

-29●-

ਆਪਣੀ ਕਮਜ਼ੋਰੀਆਂ ਦਾ ਪਤਾ ਹੋਣਾ ਸਭ ਤੋਂ ਵੱਡਾ ਇਲਮ ਹੈ।

-291-

ਹੇ ਪ੍ਰਭੂ ! ਤੂੰ ਮੈਨੂੰ ਸ਼ਿੰਗਾਰਨ ਲਈ ਆਪਣੀ ਤਲਵਾਰ ਦਿੱਤੀ ਹੈ, ਮੇਰੇ ਲਈ ਹੁਣ ਤੋਂ ਗੁੱਡੀਆਂ ਵਰਗੀ ਸਜਾਵਟ ਮੁੱਕ ਗਈ ਹੈ।

-292-

ਮੌਤ ਉਸ ਮਾਤਾ ਵਾਂਗ ਹੈ ਜੋ ਆਪਣੇ ਬੱਚੇ ਦੇ ਮੂੰਹੋਂ ਦੁੱਧੋਂ ਖ਼ਾਲੀ ਮੰਮਾਂ ਛਡਾ ਕੇ ਦੁੱਧ-ਭਰਿਆ ਨਵਾਂ ਮੰਮਾ ਦੇਂਦੀ ਹੈ, ਪਰ ਅਨਜਾਨ ਬੱਚਾ ਦੁੱਧਹੀਣ ਮੰਮਾ ਛੱਡਣ ਸਮੇਂ ਵੀ ਰੋਣ ਲੱਗ ਪੈਂਦਾ ਹੈ।

-293-

ਚੰਦ ਆਪਣੀ ਚਾਨਣੀ ਤਾਂ ਸਾਰੇ ਹੀ ਫੈਲਾਉਂਦਾ ਹੈ, ਪਰ ਆਪਣਾ ਕਲੰਕ ਕੇਵਲ ਆਪਣੇ ਪਾਸ ਹੀ ਰੱਖਦਾ ਹੈ।

-294-

ਕਈ ਆਦਮੀ ਇਸ ਲਈ ਜੀਵਨ ਭਰ ਉਦਾਸ ਹੀ ਰਹਿੰਦੇ ਹਨ ਕਿ ਮਤੇ ਕੋਈ ਬਿਪਤਾ ਹੀ ਨਾ ਆ ਜਾਵੇ।

-295-

ਮਨੁੰਖ ਜ਼ਾਲਮ ਹੁੰਦੇ ਹਨ, ਪ੍ਰਭੂ ਮਨੁੰਖ ਰਹਿਮ-ਦਿਲ ਹੁੰਦਾ ਹੈ।

-296-

'ਮਜ਼ਬ' ਮਨੁੱਖੀ ਮਨ ਵਿਚ ਦੈਵੀ ਸ਼ਕਤੀ ਲਈ ਗੰਭੀਰ ਲੋਚਨਾ ਦਾ ਹੀ ਨਾਮ ਹੈ। (ਟੈਗਰੋ)

-297-

ਕਈ ਮਨੁੰਖ ਫਲ-ਹੀਣ ਮਾੜੀ ਖੇਤੀ ਵਾਂਗ ਧਰਤੀ ਮਾਤਾ ਨੂੰ ਐਵੇਂ ਜਨਮ-ਪੀੜਾ ਹੀ ਦੇਂਦੇ ਹਨ, ਉਨ੍ਹਾਂ ਦੇ ਜੰਮਣ ਦਾ ਕਿਸੇ ਨੂੰ ਕੋਈ ਲਾਭ ਨਹੀਂ।

-298-

ਸੰਸਾਰ ਤਮਾਸ਼ਾ ਨਹੀਂ, ਇਹ ਤਾਂ ਰਣ-ਭੂਮੀ ਹੈ। (ਮੇਜ਼ਨੀ)

-299-

ਮਰਦ ਤਾਂ ਹਰ ਕੋਈ ਧੰਦਿਆਂ ਵਿਚ ਉਲਝਿਆ ਹੋਇਆ ਹੈ, ਇਸਤਰੀ ਦਾ ਕੰਮ ਕੇਵਲ ਪਿਆਰ ਕਰਨਾ ਹੈ। (ਬਾਇਰਨ)

-3●●-

ਠੇਡਾ ਮਾਰਨ ਨਾਲ ਧਰਤੀ ਤੋਂ ਮਿੱਟੀ ਤਾਂ ਉਡਾਈ ਜਾ ਸਕਦੀ ਹੈ, ਪਰ ਖੇਤੀ ਨਹੀਂ ਉਗਾਈ ਜਾ ਸਕਦੀ।

-3●1-

ਧਰਮ ਦੇ ਨਾਂ 'ਤੇ ਬੁਰਾ ਕਰਨ ਵਾਲੇ ਤੋਂ ਇਕ ਵੇਸਵਾ ਵੀ ਚੰਗੀ ਹੈ, ਜੋ ਨੇਕੀ ਦੇ ਨਾਮ 'ਤੇ ਤਾਂ ਨਹੀਂ ਨਾ ਲੁੱਟਦੀ।

-3●2-

ਜਿਸ ਦਾ ਕੋਈ ਪੱਕਾ ਧਰਮ ਨਹੀਂ, ਉਹ ਵਿਸ਼ਵਾਸ-ਯੋਗ ਨਹੀਂ। ਜੇ ਰੱਬ ਨਾਲ ਝੂਠਾ ਹੈ, ਉਹ ਮਨੁੰਖ ਨਾਲ ਕਿਵੇਂ ਸੱਚਾ ਹੋ ਸਕਦਾ ਹੈ। (ਬਰਲਿੰਗ)

-3●3-

ਜੇਕਰ ਤੇਰੇ ਖੰਭ ਬਲਵਾਨ ਨਹੀਂ, ਤੂੰ ਅਕਾਸ਼ੀ ਉਡਾਰੀਆਂ ਲਈ ਖੰਭ ਨਾ ਖਿਲਾਰ ਬੈਠੀਂ।

(ਮਹਾਤਮਾ ਬੁੱਧ)

-304-

ਕਿਸੇ ਦੀ ਅਜ਼ਾਦੀ 'ਤੇ ਛਾਪਾ ਮਾਰਨਾ ਵੀ ਆਪਣੀ ਸੁਤੰਤ੍ਰਤਾ ਨੂੰ ਹੀ ਕਮਜ਼ੋਰ ਕਰਨਾ ਹੈ।

-305-

ਛਿਪੀ ਚੰਗਿਆਈ ਦਾ ਮੁੱਲ ਸ਼ਾਂਤੀ ਹੈ ਤੇ ਛਿਪੀ ਬੁਰਿਆਈ ਦਾ ਸਿੱਟਾ ਪੀੜ ਹੈ।

-306-

ਜਿਨ੍ਹਾਂ ਕਵਿਤਾ ਤੇ ਮਜ਼੍ਹਬ ਨੂੰ ਨਿਖੇੜਨ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਪਾਸ ਨਾ ਕਵਿਤਾ ਰਹੀ, ਨਾ ਮਜ਼੍ਹਬ ਰਿਹਾ।

-307-

ਬਿਨਾਂ ਪਿਆਰ ਦੇ ਗਿਆਨ ਵੀ ਇਕ ਅੰਧੇਰਾ ਹੈ, ਜੋ ਸੁੰਨ ਫਿਲਾਸਫੀ ਦੀ ਸੁੰਞ ਵਿਚ ਮਰ ਜਾਂਦਾ ਹੈ।

(ਪ੍ਰੋ. ਪੂਰਨ ਸਿੰਘ)

-308-

ਜੇ ਦੁਨੀਆਂ ਦੇ ਬਗ਼ੀਚੇ ਵਿਚ ਫੁੱਲ ਤੇ ਬੱਚੇ ਨਾ ਹੋਣ, ਆਦਮੀ ਸ਼ਾਮ ਨੂੰ ਦਮ ਘੁੱਟ ਕੇ ਮਰ ਜਾਵੇ

-309-

ਜਿਸ ਦੇ ਪਾਸ ਮੁਸਕਰਾਹਟ ਨਹੀਂ, ਉਸ ਨੂੰ ਕਦੀ ਦੁਕਾਨ ਨਹੀਂ ਖੋਲ੍ਹਣੀ ਚਾਹੀਦੀ। (ਚੀਨੀ ਅਖੌਤ)

-310-

ਧਰਮ ਦਾ ਕੋਈ ਦੁਸ਼ਮਨ ਨਾ ਹੁੰਦਾ, ਜੇ ਧਰਮ ਲੋਕਾਂ ਦੇ ਪਾਪਾਂ ਦਾ ਦੁਸ਼ਮਨ ਨਾ ਹੁੰਦਾ।

-311-

ਮਹਾਂਪੁਰਸ਼ ਹੋਵੇ, ਇਤਿਹਾਸ ਬਣਾਉਂਦੇ ਹਨ। ਕੋਈ ਸਮਾਂ ਵੀ ਸੁਨਹਿਰੀ ਨਾ ਹੋਵੇ, ਜੇ ਉਸ ਸਮੇਂ ਵਿਚ ਸੁਨਹਿਰੀ ਮਨੋਹਰ ਸ਼ਖ਼ਸੀਅਤਾਂ ਨਾ ਹੋਣ।

-312-

ਜਿਸ ਆਦਮੀ ਨੇ ਕੋਈ ਗ਼ਲਤੀ ਨਹੀਂ ਕੀਤੀ, ਸਮਝੋ ਉਸ ਨੇ ਕਦੀ ਕੋਈ ਚੱਜ ਦਾ ਕੰਮ ਵੀ ਨਹੀਂ ਕੀਤਾ।

(ਨਿਪੋਲੀਅਨ)

-313-

ਅਨਪੜ੍ਹਤਾ ਉਹ ਚਟਾਨ ਹੈ, ਜਿਸ ਨਾਲ ਤਮਾਮ ਕੌਮੀ ਤੇ ਸਮਾਜਕ ਸੁਧਾਰ ਦੀਆਂ ਸਕੀਮਾਂ ਦੇ ਬੇੜੇ ਟਕਰਾ-ਟਕਰਾ ਕੇ ਚਕਨਾਚੂਰ ਹੋ ਜਾਂਦੇ ਹਨ।

-314-

ਫੁੱਲ ਚੁੱਪ ਕੀਤੇ ਮੌਤ ਦੀ ਗੋਦ ਵਿਚ ਲੇਟ ਜਾਂਦੇ ਹਨ, ਪਰ ਸ਼ੇਰ ਹਾਥੀ ਚਿੰਘਾੜ ਕੇ ਮਰਦੇ ਹਨ।

-315-

ਜਿਨ੍ਹਾਂ ਨੂੰ ਕਵਿਤਾ ਚੰਗੀ ਨਹੀਂ ਲੱਗਦੀ, ਉਨ੍ਹਾਂ ਨੂੰ ਫਾਂਸੀ ਲਾ ਦੇਣੀ ਚਾਹੀਦਾ ਹੈ। (ਸ਼ੈਕਸਪੀਅਰ)

-316-

ਰੱਬ ਉਨ੍ਹਾਂ ਵੱਲ ਹੁੰਦਾ ਹੈ, ਜਿਨ੍ਹਾਂ ਆਪਣੇ ਆਪ ਨੂੰ ਚੰਗੀ ਤਰ੍ਹਾਂ ਤਿਆਰ ਕੀਤਾ ਹੋਵੇ।

-317-

ਤੁਸੀਂ ਹਮੇਸ਼ਾ ਦੀਵਾ ਜਗਾ ਕੇ ਤਿਆਰ ਰਹੋ, ਪਤਾ ਨਹੀਂ, ਘਰ ਦਾ ਸੁਆਮੀ ਕਦੋਂ ਆ ਜਾਵੇ।

-318-

ਜੋ ਪਲ ਅਸੀਂ ਵਿਅਰਥ ਗੁਆ ਦਿੰਦੇ ਹਾਂ, ਉਹ ਸਾਡੀ ਬਦਕਿਸਮਤੀ ਦੇ ਖਾਤੇ ਵਿਚ ਜਮ੍ਹਾਂ ਹੁੰਦੇ ਰਹਿੰਦੇ ਹਨ। (ਨਿਪੋਲੀਅਨ)

-319-

ਸਭ ਤੋਂ ਚੰਗਾ ਇਹ ਧਰਮ ਹੈ ਕਿ ਸਾਰੇ ਮਨੁੱਖ ਭਰਾਵਾਂ ਵਾਂਗ ਰਹਿਣ। (ਲੈਨਿਨ)

-320-

ਨੌਕਰ ਤੋਂ ਵੱਧ ਦੁਨੀਆਂ ਵਿਚ ਕੋਈ ਪਾਗਲ ਨਹੀਂ, ਜੋ ਚਾਹੁੰਦਾ ਉੱਨਤੀ ਹੈ ਤੇ ਰਹਿੰਦਾ ਆਮ ਤੌਰ 'ਤੇ ਸਿਰ ਨਿਵਾ ਕੇ ਹੀ ਹੈ।

-321-

ਰੱਬ ਨੇ ਮੌਤ ਹਰ ਇਕ ਲਈ ਬਣਾਈ ਹੈ, ਜੋ ਚੀਜ਼ ਇਤਨੀ ਆਮ ਹੋਵੇ, ਉਹ ਜ਼ਰੂਰ ਚੰਗੀ ਹੋਵੇਗੀ।

-322-

ਕਿਸੇ ਸਾਰੀ ਕੌਮ ਦੀ ਨਿਖੇਧੀ ਨਾ ਕਰੋ, ਕੋਈ ਵਿਅਕਤੀ ਮਾੜਾ ਹੋ ਸਕਦਾ ਹੈ, ਸਾਰੇ ਨਹੀਂ।

-323-

ਮੈਨੂੰ ਤਿਆਗ ਤੇ ਮੁਕਤੀ ਦੀ ਲੋੜ ਨਹੀਂ, ਮੈਨੂੰ ਤਾਂ ਤੇਰੇ ਪ੍ਰੇਮ-ਬੰਧਨਾਂ ਵਿਚ ਹੀ ਜੀਵਨ-ਸੁਆਦ ਮਿਲਦਾ ਹੈ।

-324-

ਸੱਚਾ ਸੂਰਮਾ ਤਲਵਾਰ ਦੇ ਦਸਤੇ ਬਿਨਾਂ ਹੋਰ ਕਿਸੇ ਨੂੰ ਵੀ ਆਪਣਾ ਸਾਥੀ ਨਹੀਂ ਬਣਾਉਂਦਾ (ਅਰਬੀ ਕਵੀ)

-325-

ਅਮਨ ਰੱਖਣ ਦਾ ਸਭ ਤੋਂ ਚੰਗਾ ਤਰੀਕਾ ਜੰਗ ਦੀ ਤਿਆਰੀ ਹੈ। (ਵਾਸ਼ਿੰਗਟਨ)

-326-

ਮਨੁੱਖ ਨੂੰ ਸਿਰਫ਼ ਸੱਚ ਦੀ ਢੂੰਡ ਕਰਨ ਲਈ ਹੀ ਜੀਉਂਦਿਆਂ ਰਹਿਣਾ ਚਾਹੀਦਾ ਹੈ।

-327-

ਜਿਸ ਦਾ ਹੱਥ ਤਲਵਾਰ ਫੜ ਸਕਦਾ ਹੈ, ਉਸੇ ਦਾ ਸੀਸ ਤਾਜ ਦਾ ਅਧਿਕਾਰੀ ਹੁੰਦਾ ਹੈ।

-328-

ਬ੍ਰਿਹੁੰ ਦੀ ਅਗਨੀ ਭਾਵੇਂ ਸਾਰੇ ਸਰੀਰ ਨੂੰ ਸਾੜ ਸੁੱਟੇ, ਇਸ ਦਾ ਮੈਨੂੰ ਕੋਈ ਫ਼ਿਕਰ ਨਹੀਂ। ਪਰ ਮੇਰੇ ਹਿਰਦੇ ਵਿਚ ਵੱਸ ਰਹੇ ਪੀਆ ਨੂੰ ਜ਼ਰਾ ਆਂਚ ਨਾ ਲੱਗੇ, ਬਸ ਇਸੇ ਖ਼ਿਆਲ ਨਾਲ ਹੰਝੂਆਂ ਦੀ ਝੜੀ ਲਾ ਕੇ ਮੈਂ ਵਿਯੋਗਣ ਆਪਣੀ ਛਾਤੀ ਠੰਢੀ ਕਰ ਰਹੀ ਹਾਂ।

-329-

ਜੁਆਨੀ, ਜ਼ਿੰਦਗੀ ਦੀ ਬੜੀ ਮਿਹਨਤ ਨਾਲ ਸੋਧੀ ਹੋਈ ਐਡੀਸ਼ਨ ਹੈ।

-33●-

ਪੜ੍ਹਨਾ ਸਭ ਕੋਈ ਜਾਣਦਾ ਹੈ, ਪਰ ਇਸ ਦਾ ਪਤਾ ਕਿਸੇ ਕਿਸੇ ਨੂੰ ਹੈ ਕਿ ਕੀ ਪੜ੍ਹਨਾ ਹੈ।

-331-

ਸਿਰ ਤੋਂ ਪੈਰਾਂ ਤੀਕ ਉਹੋ ਜੀਅ ਸਕਦੇ ਹਨ, ਜੋ ਖੁੱਲ੍ਹੇ ਅਸਮਾਨ ਨਾਲ ਸੰਬੰਧ ਰੱਖਦੇ ਹਨ।

-332-

ਰਾਜਨੀਤੀ ਦੇ ਜਾਣੂ, ਹੋਣੀ, ਵੇਦ ਸ਼ਾਸਤ੍ਰ ਤੇ ਬ੍ਰਹਮ ਨੂੰ ਜਾਣਨ ਵਾਲੇ ਵੀ ਮਿਲ ਜਾਣਗੇ, ਪਰ ਆਪਣੇ ਅਗਿਆਨਤਾ ਨੂੰ ਜਾਣਨ ਵਾਲੇ ਬਹੁਤ ਘੱਟ ਹਨ।

-333-

ਜੋ ਪੰਛੀ ਸ਼ਿਕਾਰੀ ਦੇ ਪਿੰਜਰੇ ਵਿਚ ਵੀ ਗਾ ਸਕਦਾ ਹੈ, ਉਹ ਜਾਂ ਕੋਈ ਬਹੁਤ ਵੱਡਾ ਪੰਛੀ ਹੈ, ਜਾਂ ਉੱਕਾ ਹੀ ਮਾਮੂਲੀ ਤੇ ਨਿਰਬਲ।

-334-

ਹਰ ਤਬਦੀਲੀ ਦੀ ਨੀਂਹ ਤੇਗ਼ ਨਾਲ ਰੱਖੀ ਜਾਂਦੀ ਹੈ, ਤਲਵਾਰ ਇਨਕਲਾਬ ਦੀ ਮਾਂ ਹੈ।

-335-

ਜੇ ਮਸ਼ੀਨਾਂ ਦੀ ਕੀਮਤ ਮਨੁੱਖ ਨਾਲੋਂ ਵਧਾ ਦਿੱਤੀ ਗਈ, ਇਹ ਸਭ ਤੋਂ ਬੁਰੀ ਖ਼ਤਰਨਾਕ ਘਟਨਾ ਹੋਵੇਗੀ।

-336-

ਜੇ ਪਿਆਰਾ ਪ੍ਰਸੰਨ ਹੋ ਕੇ ਤੁਹਾਡੇ ਸਿਰ 'ਤੇ ਤਾਜ ਸਜਾਉਂਦਾ ਹੈ ਤਾਂ ਉਸ ਨੂੰ ਹੱਕ ਹੈ ਕਿ ਸੂਲੀ ਵੀ ਗਲ ਪਹਿਨਾਵੇ, ਪਰ ਤੁਸੀਂ ਇਕ-ਰਸ ਰਹੋ।

-337-

ਮਨੁੱਖੋ! ਬੱਚਿਆਂ ਵਰਗੇ ਬਣਨ ਦੀ ਕੋਸ਼ਿਸ਼ ਕਰੋ, ਬੱਚਿਆਂ ਨੂੰ ਆਪਣੇ ਵਰਗਾ ਬਣਾਉਣ ਦੀ ਖੇਚਲ ਨਾ ਕਰੋ।

-338-

ਮਿਹਨਤ ਨਾਲ ਆਇਆ ਮੱਥੇ 'ਤੇ ਪਸੀਨਾ ਭਾਗਾਂ ਦੀ ਗ਼ਲਤ ਰੇਖਾ ਨੂੰ ਮਿਟਾ ਦੇਂਦਾ ਹੈ।

-339-

ਆਦਮੀ ਨੇ ਖ਼ੂਨ ਕਰਨਾ ਜਾਂ ਕਿਸੇ ਨੂੰ ਮਾਰਨਾ ਜੰਗਲੀ ਜਾਨਵਰਾਂ ਤੋਂ ਸਿੱਖਿਆ ਹੈ, ਇਹ ਮਨੁੱਖੀ ਸੁਭਾ ਨਹੀਂ।

-34●-

ਚੰਗੇ ਆਦਮੀ ਇਕੱਲੇ ਨਹੀਂ ਰਹਿੰਦੇ, ਉਨ੍ਹਾਂ ਪਾਸ ਦੁਨੀਆਂ ਆ ਜਾਂਦੀ ਹੈ, ਜਿਵੇਂ ਫੁੱਲਾਂ ਪਾਸ ਮਧੂ-ਮੱਖੀਆਂ।

-341-

ਬੰਗਾਲ ਦੇਸ਼ ਕੈਸਾ ਹੈ, ਫ਼ਲਾਣਾ ਦੇਸ਼ ਕਿਹੋ ਜੇਹਾ ਹੈ? ਇਸ ਤਰ੍ਹਾਂ ਦੇ ਫ਼ਜ਼ੂਲ ਸਵਾਲ ਕੀਤੇ ਜਾਂਦੇ ਹਨ, ਪਰ ਇਹ ਸਵਾਲ ਕੋਈ ਨਹੀਂ ਪੁੱਛਦਾ ਕਿ ਮੌਤ ਦਾ ਦੇਸ਼ ਕੈਸਾ ਹੈ? (ਅਪਾਯਯ ਦੀਖਛਤ)

-342-

ਕਾਨੂੰਨ ਮਨੁੱਖ ਨੂੰ ਸਜ਼ਾ ਦੇ ਸਕਦਾ ਹੈ, ਪਰ ਗੁਨਾਹ ਤੋਂ ਹਟਾ ਨਹੀਂ ਸਕਦਾ, ਇਹ ਧਰਮ ਦਾ ਕੰਮ ਹੈ।

-343-

ਜਦੋਂ ਅਸੀਂ ਕਿਸੇ ਨੂੰ 'ਚੰਗਾ' ਕਹਿੰਦੇ ਹਾਂ, ਆਪ ਚੰਗੇ ਬਣਦੇ ਹਾਂ। ਜਦੋਂ ਅਸੀਂ ਕਿਸ ਨੂੰ 'ਬੁਰਾ' ਆਖਦੇ ਹਾਂ ਤਾਂ ਪਹਿਲਾਂ ਆਪ ਬੁਰੇ ਬਣਦੇ ਹਾਂ।

-344-

ਮਹਾਂਪੁਰਸ਼ਾਂ ਤੋਂ ਸਿਵਾ ਸੰਸਾਰ ਵਿਚ ਕੋਈ ਵੀ ਚੀਜ਼ ਸ਼ਲਾਘਾ-ਯੋਗ ਨਹੀਂ।

-345-

ਕੇਵਲ ਪੁਸਤਕਾਂ ਪੜ੍ਹਨਾ ਹੀ ਵਿਦਿਆ ਦੀ ਪ੍ਰਾਪਤੀ ਨਹੀਂ, ਇੱਟਾਂ ਦੇ ਢੇਰ ਨੂੰ ਤਾਂ ਕੋਈ ਸਿਆਣਾ ਇਮਾਰਤ ਦਾ ਨਾਮ ਨਹੀਂ ਦੇਂਦਾ। (ਮਾਸਟਰ ਤਾਰਾ ਸਿੰਘ)

-346-

ਹਿੰਮਤੀ ਮਨੁੱਖ ਲਈ ਸਾਰੀ ਧਰਤੀ ਵਿਹੜਾ, ਸਮੁੰਦਰ, ਤਲਾਅ, ਪਾਤਾਲ, ਮੈਦਾਨ ਤੇ ਹਿਮਾਲੀਆ ਪਰਬਤ ਮਿੱਟੀ ਦੇ ਢੇਰ ਵਾਂਗ ਹੈ। (ਬਾਣ ਭੱਟ)

-347-

ਕਈ ਮੋਨੀ ਆਪਣੇ ਅੰਦਰਲੇ ਰੌਲੇ ਕਰਕੇ ਉਖੜੇ ਰਹਿੰਦੇ ਹਨ ਤੇ ਕਈ ਬ੍ਰਤਧਾਰੀ ਮਾਣ ਦਾ ਭੋਜਨ ਖਾ ਕੇ ਆਫਰੇ ਰਹਿੰਦੇ ਹਨ।

-348-

ਕਿਣਕੇ ਦੇ ਮੁਕਾਬਲੇ 'ਤੇ ਡਲੀ ਤੇ ਡਲੀ ਜਾਂ ਰੋੜੀ ਦੇ ਮੁਕਾਬਲੇ 'ਤੇ ਪੱਥਰ ਤੇ ਪੱਥਰ ਦੇ ਮੁਕਾਬਲੇ 'ਤੇ ਪਹਾੜ ਵੱਡਾ ਹੈ, ਅਸਲ ਵਿਚ ਕੋਈ ਵੀ ਛੋਟਾ-ਵੱਡਾ ਨਹੀਂ।

-349-

ਮੌਤ ਉਸ ਜਟਾਂ ਵਾਲੇ ਸਾਧੂਬਾਵੇ ਵਾਂਗ ਹੈ, ਜੋ ਬੱਚਿਆਂ ਨੂੰ ਦੂਰੋਂ ਤਾਂ ਡਰਾਉਣਾ ਜਾਪਦਾ ਹੈ, ਪ੍ਰੰਤੂਨੇੜੇ ਆ ਕੇ ਉਹੋਂ ਉਸ ਦੇ ਮੋਢੀਂ ਚੜ੍ਹ ਕੇ ਕਲੋਲਾਂ ਕਰਦੇ ਹਨ।

-350-

ਇਹ ਜ਼ਰੂਰੀ ਨਹੀਂ ਕਿ ਹਰ ਜ਼ਿਆਦਾ ਦੌਲਤ ਰੱਖਣ ਵਾਲਾ ਦਾਨੀ ਵੀ ਜ਼ਰੂਰ ਹੋਵੇ, ਬੱਦਲਾਂ ਕੋਲ ਸਮੁੰਦਰ ਨਾਲੋਂ ਕਿਤੇ ਪਾਣੀ ਘੱਟ ਹੈ, ਪਰ ਉਹ ਰਾਤ ਦਿਨ ਵੱਡਦੇ ਰਹਿੰਦੇ ਹਨ।

-351-

ਜਿਸ ਮਨੁੱਖ ਦੀ ਫ਼ਰੇਬੀ ਤੇ ਵੇਸਵਾ ਸਿਫ਼ਤ ਕਰਨ, ਉਹ ਸਮਝੋ ਜੀਉਂਦਿਆਂ ਵਿਚ ਨਹੀਂ ਹੈ।

-352-

ਜੇ ਕਿਸਮਤ ਹੰਸ 'ਤੇ ਨਰਾਜ਼ ਹੋਵੇ ਤਾਂ ਉਸ ਕੋਲੋਂ ਕੰਵਲਾਂ ਦੀ ਬਸਤੀ ਤਾਂ ਖੋਹ ਸਕਦੀ ਹੈ ਪਰ ਦੁੱਧ ਤੇ ਜਲ ਨੂੰ ਨਿਖੇੜਨ ਵਾਲੀ ਨਿਪੁੰਨਤਾ ਕੋਈ ਨਹੀਂ ਖੋਹ ਸਕਦਾ। (ਭਰਥਰੀ ਹਰੀ)

-353-

ਚੰਗੇ ਦੋਸਤ ਤਲਾਸ਼ ਕੀਤਿਆਂ ਨਹੀਂ ਮਿਲਦੇ, ਆਪਣੇ ਆਪ ਰਾਹ ਜਾਂਦਿਆਂ ਅਚਾਨਕ ਹੀ ਮਿਲਦੇ ਹਨ।

-354-

ਮੈਂ ਹਾਂ, ਮੈ ਕਾਇਮ ਰਹਾਂ ਤੇ ਮੈਂ ਪ੍ਰਫੁੱਲਤ ਹੋਵਾਂ, ਇਹ ਤਿੰਨੇ ਗੱਲਾਂ ਮਨੁੱਖ ਨੂੰ ਜੀਵਨ-ਸੰਗ੍ਰਾਮ ਵਿਚ ਰੁਝਾਈ ਰੱਖਦੀਆਂ ਹਨ।

-355-

ਮੌਤ ਤਾਂ ਕੂੜੇ-ਕਰਕਟ ਲਈ ਬੁਹਾਰੀ ਹੈ, ਅਗਰ ਮੌਤ ਨਾ ਹੋਵੇ ਤਾਂ ਹਜ਼ਾਰਾਂ ਹਰਨਾਕਸ਼ ਬਣ ਬੈਠਣ ਤੇ ਦੁਨੀਆਂ ਕੁਰਲਾ ਉੱਠੇ।

-356-

ਅਗਰ ਤੁਹਾਡੀ ਸੱਜੀ ਅੱਖ ਪਾਪ ਕਰੇ ਤਾਂ ਇਹ ਕੱਢ ਦਿਓ। ਇਕ ਅੰਗ ਨਸ਼ਟ ਹੋ ਜਾਣਾ ਤਾਂ ਮਾਮੂਲ ਗੱਲ ਹੈ। ਇਹ ਜ਼ਿਆਦਾ ਅੱਛਾ ਹੈ, ਤੁਹਾਡਾ ਸਾਰਾ ਸਰੀਰ ਤਾਂ ਨਰਕ ਵਿਚ ਨਾ ਪਵੇ। (ਬਾਈਬਲ)

-357-

ਪਿਆਰ ਦੀ ਪਵਿੱਤਰ ਅਗਨੀ ਪੱਥਰਾਂ ਦੇ ਬੁੱਤਾਂ ਅੱਗੇ ਬਾਲ ਕੇ ਬਰਬਾਦ ਕਰਨਾ ਮੁਨਾਸਬ ਨਹੀਂ।

-358-

ਜੇਕਰ ਮਨੁੱਖ ਆਪਣੇ ਆਪ 'ਤੇ ਹਕੂਮਤ ਕਰਨਾ ਸਿੱਖ ਜਾਵੇ ਤਾਂ ਕੀ ਉਹ ਆਸਾਨੀ ਨਾਲ ਸਾਰੀ ਦੁਨੀਆਂ 'ਤੇ ਹਕੂਮਤ ਨਹੀਂ ਕਰ ਸਕਦਾ? (ਵਿਵੇਕਾਨੰਦ)

-359-

ਜਿਵੇਂ ਕਬੂਤਰ ਤੀਰ ਖਾ ਕੇ ਜ਼ਖ਼ਮਾਂ ਨੂੰ ਖੰਭਾਂ ਹੇਠ ਛਿਪਾ ਲੈਂਦਾ ਹੈ, ਤਿਵੇਂ ਇਸਤਰੀ ਆਪਣੇ ਦਿਲ ਵਿਚ ਕਿਤਨੇ ਹੀ ਦਰਦ ਛੁਪਾਈ ਰੱਖਦੀ ਹੈ।

-360-

ਇਸਤਰੀ ਹਜ਼ਾਰਾਂ ਅਪਰਾਧ ਖਿਮਾ ਕਰ ਸਕਦੀ ਹੈ ਪਰ ਰੁੱਸੀ ਹੋਈ ਨੂੰ ਹਜ਼ਾਰਾਂ ਵੀ ਮਨਾ ਨਹੀਂ ਸਕਦੇ।

-361-

ਗੱਲਬਾਤ ਕਰਨ ਸਮੇਂ ਕੇਵਲ ਜ਼ਬਾਨ ਹੀ ਨਾ ਵਰਤੋ, ਸੂਝ-ਬੂਝ ਵੀ ਵਰਤੋਂ ਵਿਚ ਲਿਆਵੋ।

-362-

ਪੰਜ ਆਦਮੀ ਜੀਉਂਦੇ ਹੀ ਮੁਰਦੇ ਲਾਸ਼ਾਂ ਹਨ : ਦਲਿੱਦਰੀ, ਰੋਗੀ, ਮੂਰਖ, ਪਰਦੇਸੀ ਤੇ ਨੌਕਰ। (ਵਿਆਸਾ)

-363-

ਇਨਕਲਾਬ ਭੂਚਾਲ ਵਾਂਗ ਇਕਦਮ ਆਉਂਦੇ ਹਨ ਪ੍ਰੰਤੂ ਪਹਿਲੇ, ਅੰਦਰ ਲਾਵਾ ਤੇ ਗੈਸ ਤਿਆਰ ਹੋਣ ਨੂੰ ਕਾਫ਼ੀ ਸਮਾਂ ਲੱਗਦਾ ਹੈ।

-364-

ਜੇ ਤੁਸੀਂ ਆਪ ਦੌੜਨੋਂ ਅਸਮਰਥ ਹੋ, ਹੋਰਨਾਂ ਨੂੰ ਤਾਂ ਦੌੜਨ ਦਿਓ, ਰਾਹ ਦੀਆਂ ਰੋਕਾਂ ਦੱਸ ਕੇ ਖੁੰਝਾਓ ਨਾ।

-365-

ਪਰਬਤਾਂ ਤੇ ਜੰਗਲਾਂ ਵਿਚ ਮ੍ਰਿਗਾਂ ਤੇ ਬਾਂਦਰਾਂ ਨਾਲ ਵਕਤ ਗੁਜ਼ਾਰ ਲੈਣਾ ਚੰਗਾ ਹੈ, ਪਰ ਮੂਰਖ ਨਾਲ ਇੰਦਰ ਦੇ ਮਹਿਲਾਂ ਵਿਚ ਵੀ ਰਹਿਣਾ ਔਖਾ ਹੈ।

-366-

ਸਿਆਣਿਆਂ ਦੀ ਖਿਮਾ ਵੀ ਕਈ ਵੇਰ ਔਗੁਣ ਹੀ ਬਣ ਜਾਂਦੀ ਹੈ, ਜਦ ਕਿ ਮੂਰਖ ਇਸ ਨੂੰ ਉਨ੍ਹਾਂ ਦੀ ਕਮਜ਼ੋਰੀ ਖ਼ਿਆਲ ਕਰਨ ਲੱਗ ਪੈਣ।

-367-

ਸਾਡੀ ਜੰਗ ਪਾਪ ਨਾਲ ਹੋਣੀ ਚਾਹੀਦੀ ਹੈ, ਪਾਪੀ ਨਾਲ ਨਹੀਂ। (ਜਵਾਹਰ ਲਾਲ)

-368-

ਸ਼ੂਮ ਵਰਗਾ ਵੀ ਦਾਨੀ ਕੋਈ ਨਹੀਂ, ਜੋ ਆਪ ਦੌਲਤ ਦਾ ਅਨੰਦ ਨਹੀਂ ਮਾਣਦਾ ਤੇ ਸਾਰੀ ਦੀ ਸਾਰੀ ਦੂਜਿਆਂ ਲਈ ਛੱਡ ਜਾਂਦਾ ਹੈ।

-369-

ਧੰਨ ਹਨ ਉਹ, ਜੋ ਨੇਕੀ ਲਈ ਭੁੱਖ ਤੇ ਪਿਆਸ ਸਹਾਰਦੇ ਹਨ, ਉਨ੍ਹਾਂ ਨੂੰ ਜ਼ਰੂਰ ਤ੍ਰਿਪਤ ਕੀਤਾ ਜਾਵੇਗਾ। (ਈਸਾ)

-370-

ਸ੍ਰੇਸ਼ਟਤਾ ਇਕੱਲੀ ਨਹੀਂ ਆਉਂਦੀ, ਆਪਣੀਆਂ ਸਹੇਲੀਆਂ ਦੇ ਨਾਲ ਹੀ ਆਉਂਦੀ ਹੈ। (ਟਗੋਰ)

-371-

ਕਮਜ਼ੋਰ ਆਦਮੀ ਰੁਕਾਵਟਾਂ ਦੇ ਖ਼ਿਆਲ ਨਾਲ ਕੰਮ ਸ਼ੁਰੂ ਨਹੀਂ ਕਰਦੇ, ਮੱਧਮ ਸ਼੍ਰੇਣੀ ਦੇ ਆਦਮੀ ਅਰੰਭੇ ਕੰਮ ਨੂੰ ਰੁਕਾਵਟ ਦੇ ਭੈ 'ਤੇ ਫ਼ੌਰਨ ਛੱਡ ਬਹਿੰਦੇ ਹਨ ਪ੍ਰੰਤੂ ਪਰਮ ਮਨੁੰਖ ਹਜ਼ਾਰ ਵਿਘਨ ਆ ਜਾਣ 'ਤੇ ਵੀ ਆਪਣਾ ਆਦਰਸ਼ ਨਹੀਂ ਤਿਆਗਦੇ।

-372-

ਅਗਰ ਤੁਸੀਂ ਕੱਚ ਦੀ ਬੋਤਲ ਵਿਚ ਬੰਦ ਰਹਿ ਕੇ ਸਮਾਂ ਗੁਜ਼ਾਰਨਾ ਹੈ ਤਾਂ ਦੁਨੀਆਂ ਨੂੰ ਤੁਹਾਡੀ ਲੋੜ ਨਹੀਂ, ਚੰਗਾ ਹੈ ਤੁਸੀਂ ਸੰਸਾਰ ਤੋਂ ਛੇਤੀ ਮਿਟ ਜਾਓ। (ਕੋਇਦ)

-373-

ਖ਼ਾਮੋਸ਼ੀ ਸੁੰਤਤਰ ਗੁਣ ਹੈ, ਕਦੇ ਹਾਸਲ ਕਰ ਲਵੋ। ਵਿਦਵਾਨ-ਮੰਡਲੀ ਵਿਚ ਬੈਠੇ ਅਗਿਆਨੀ ਦਾ ਤਾਂ ਇਹ ਸ਼ਿੰਗਾਰ ਹੀ ਹੈ।

-374-

ਪ੍ਰੇਮੀ ਇਕ ਦੂਜੇ ਤੋਂ ਕਦੀ ਅੱਕਦੇ ਨਹੀਂ, ਕਿਉਂਕਿ ਉਹ ਸਦਾ ਆਪਣੇ ਬਾਰੇ ਹੀ ਗੱਲਾਂ ਕਰ ਕੇ ਖ਼ੁਸ਼ ਹੁੰਦੇ ਹਨ।

-375-

ਹੰਝੂ ਉਹ ਵੱਟੇ ਹਨ, ਜਿਨ੍ਹਾਂ ਨਾਲ ਪਿਆਰ ਨੂੰ ਤੋਲਿਆ ਜਾਂਦਾ ਹੈ।

-376-

ਸਾਡੇ ਵਿੱਚੋਂ ਸਭ ਤੋਂ ਵਧੀਕ ਜਾਣਕਾਰ ਉਹ ਹਨ ਜੋ ਇਹ ਜਾਣਦੇ ਹਨ ਕਿ ਅਜੇ ਉਹ ਕੁਝ ਵੀ ਨਹੀਂ ਜਾਣਦੇ। (ਕਾਰਲਾਈਲ)

-377-

ਰਾਤ ਚੁਪਕੇ-ਚੁਪਕੇ ਫੁੱਲਾਂ ਨੂੰ ਖਿੜਾ ਜਾਂਦੀ, ਮਗਰ ਉਸ ਦਾ ਸੇਹਰਾ ਪ੍ਰਭਾਤ ਨੂੰ ਮਿਲਦਾ ਹੈ। (ਟੈਗੋਰ)

-378-

ਅਮੀਰਾਂ ਦੀ ਗ਼ਰੀਬੀ ਖ਼ੂਬਸੂਰਤ ਹੁੰਦੀ ਹੈ ਪਰ ਗ਼ਰੀਬ ਦੀ ਗ਼ਰੀਬੀ ਕਦੀ ਵੀ ਕਦੀ ਖ਼ੂਬਸੂਰਤ ਨਹੀਂ ਹੁੰਦੀ।

-379-

ਜਦੋਂ ਤੁਸੀਂ ਇੱਥੇ ਰਹਿੰਦੇ ਮਨੁੰਖਾਂ ਦੇ ਸੇਵਾ ਨਹੀਂ ਕਰ ਸਕਦੇ, ਪਿੱਤਰਾਂ ਜਾਂ ਦੇਵਤਿਆਂ ਦੀ ਸੇਵਾ ਕੀ ਕਰੋਗੇ?

-380-

ਕਿਤਨੀ ਹੈਰਾਨੀ ਦੀ ਗੱਲ ਹੈ ਕਿ ਅਸੀਂ ਨੀਂਦ ਨੂੰ ਤਾਂ ਪਿਆਰਦੇ ਹਾਂ ਤੇ ਮੌਤ ਤੋਂ ਭੈ ਖਾਂਦੇ ਹਾਂ, ਆਖ਼ਰ ਇਹ ਛੋਟੀਆਂ-ਵੱਡੀਆਂ ਭੈਣਾਂ ਹੀ ਤਾਂ ਹਨ।

-381-

ਉਹ ਸਭ ਤੋਂ ਵੱਧ ਨੀਚ ਆਦਮੀ ਹੈ, ਜੋ ਸਦਾ ਸੱਚੇ ਪ੍ਰੇਮੀਆਂ ਨੂੰ ਬਦਨਾਮ ਕਰਨ ਵਿਚ ਲੱਗਾ ਰਹਿੰਦਾ ਹੈ।

-382-

ਮਨੁੱਖ ਜਿਸ ਗੱਲ ਦਾ ਸੰਕਲਪ ਕਰੇ, ਉਹ ਕੰਮ ਕਰ ਸਕਦਾ ਹੈ। ਪਰ ਜਿਸ ਗੱਲ ਦਾ ਸੰਕਲਪ ਕਰਨਾ ਚਾਹੇ, ਉਹ ਸੰਕਲਪ ਨਹੀਂ ਕਰ ਸਕਦਾ। (ਸ਼ੌਪਨਹਾਇਰ)

-383-

ਕਈ ਵੇਰ ਗੁਣੀਆਂ ਨੂੰ ਕੈਦ ਹੋਣਾ ਪੈ ਜਾਂਦਾ ਹੈ ਤੇ ਨਿਗੁਣੇ ਖੁੱਲ੍ਹੀ ਮੌਜ ਲੁੱਟਦੇ ਹਨ। ਤੋਤਾ ਵਿਚਾਰਾ ਪਿੰਜਰੇ ਵਿਚ ਬੰਦ ਕਰ ਦਿੱਤਾ ਜਾਂਦਾ ਤੇ ਕਾਂ ਅਜ਼ਾਦ ਉੱਡਦੇ ਰਹਿੰਦੇ ਹਨ।

-384-

ਵਿਦਵਤਾ ਦੇ ਮੰਦਰ ਦੀ ਪਹਿਲੀ ਪਉੜੀ, ਆਪਣੀਆਂ ਕਮੀਆਂ ਦਾ ਗਿਆਨ ਹੈ। (ਸਪਰਜਨ)

-385-

ਹੇ ਪ੍ਰਭੂ ! ਮੈਂ ਤੇਰੀ ਦੇਰ ਤੋਂ ਢੂੰਡ ਕਰ ਰਿਹਾ ਹਾਂ, ਕੀ ਤੂੰ ਵੀ ਮੇਰੀ ਤਲਾਸ਼ ਕਰ ਰਿਹਾ ਹੈਂ?

-386-

ਜੇ ਕੋਈ ਸਮਝਦਾਰ ਰਤਾ ਬੋਲਣ ਵਿਚ ਕਾਹਲਾ ਹੋਵੇ ਤਾਂ ਉਸ ਦੇ ਬਚਾਉ ਦੀ ਆਸ ਇਕ ਬੇਸਮਝ ਨਾਲੋਂ ਘੱਟ ਹੁੰਦੀ ਹੈ।

-387-

ਗ਼ਰੀਬਾਂ ਤੋਂ ਵੋਟ ਅਮੀਰਾਂ ਤੋਂ ਰੁਪਈਆ ਇਹ ਆਖ ਕੇ ਲਿਆ ਜਾਂਦਾ ਹੈ ਕਿ ਅਸੀਂ ਤੁਹਾਡੀ ਇਕ ਦੂਜੇ ਤੋਂ ਰਾਖੀ ਕਰਾਂਗੇ। (ਇਕ ਅਮਰੀਕਨ)

-388-

ਜਿਸ ਪਾਸ ਵਿਦਿਆ ਹੈ, ਉਸ ਨੂੰ ਹੋਰ ਦੌਲਤ ਦੀ ਕੀ ਲੋੜ ਹੈ? ਜਿਸ ਕੋਲ ਸੁੰਦਰ ਕਵਿਤਾ ਹੈ, ਉਸ ਨੇ ਬਾਦਸ਼ਾਹੀਆਂ ਕੀ ਕਰਨੀਆਂ ਹਨ?

-389-

ਜਦੋਂ ਬੇਇਨਸਾਫ਼ੀ ਨਾਲ ਮਰਦ ਔਰਤ ਜੇਲ੍ਹ ਵਿਚ ਸੁੱਟ ਦਿੱਤੇ ਜਾਣ, ਉਦੋਂ ਹੋਰ ਇਨਸਾਫ਼-ਪਸੰਦ ਆਦਮੀਆਂ ਦਾ ਵੀ ਅਸਲ ਟਿਕਾਣਾ ਜੇਲ੍ਹਖ਼ਾਨਾ ਹੁੰਦਾ ਹੈ। (ਥੋਰੋ)

-390-

ਪਿਆਜ ਦਾ ਛਿਲਕਾ ਉਤਾਰ ਕੇ ਖਾਧਾ ਜਾ ਸਕਦਾ ਹੈ, ਪ੍ਰੰਤੂ ਜੀਉਂਦੇ ਸ਼ੇਰ ਦੀ ਚਮੜੀ ਨਹੀਂ ਲਾਹੀ ਜਾ ਸਕਦੀ। (ਪ੍ਰੋ. ਟਾਨੀ)

-391-

ਤੁਸੀਂ ਪਰਮਾਤਮਾ ਅਤੇ ਦੌਲਤ ਦੇ ਦੇਵਤੇ ਦੀ ਇਕੱਠਿਆਂ ਪੂਜਾ ਨਹੀਂ ਕਰ ਸਕਦੇ।

-392-

ਦੂਸਰੇ ਦੀ ਗ਼ਲਤੀ ਬਿਆਨ ਕਰਨ ਲੱਗਿਆਂ ਪਹਿਲੇ ਕੋਈ ਅਜਿਹੀ ਆਪਣੀ ਗ਼ਲਤੀ ਵੀ ਦੱਸ ਛੱਡੋ। ਇਉਂ ਭੁੱਲ ਛੇਤੀ ਸੋਧੀ ਜਾ ਸਕੇਗੀ ਤੇ ਭੁੱਲੇ ਵੀਰ ਨੂੰ ਦੁਖ ਵੀ ਨਹੀਂ ਲੱਗੇਗਾ।

-393-

ਸੱਚਾ ਵਿਦਵਾਨ ਆਪਣੇ ਆਪ ਦਾ ਮੁਤਾਲਿਆ ਕਰਦਾ ਹੈ ਤੇ ਝੂਠਾ ਦੂਜਿਆਂ ਦੀ ਫੋਲਾ-ਫਾਲੀ ਵਿਚ ਮੱਥਾ ਮਾਰਦਾ ਰਹਿੰਦਾ ਹੈ।

-394-

ਜੰਗਲੀ ਫੁੱਲਾਂ ਵਾਂਗ ਚੰਗੇ ਮਨੁੱਖਾਂ ਦੇ ਦੋ ਹੀ ਟਿਕਾਣੇ ਹਨ ਜਾਂ ਸਭ ਦੇ ਸਿਰ 'ਤੇ ਬਿਰਾਜਦੇ ਹਨ ਜਾਂ ਫਿਰ ਸੰਸਾਰ ਤੋਂ ਇਕ ਪਾਸੇ ਰਹਿ ਕੇ ਆਪਣਾ ਆਪ ਸਮਾਪਤ ਕਰ ਲੈਂਦੇ ਹਨ।

-395-

ਗ਼ਰੀਬ ਉਹ ਨਹੀਂ ਜਿਸ ਪਾਸ ਕੁਝ ਨਹੀਂ, ਅਸਲ ਗ਼ਰੀਬ ਉਹ ਹੈ ਜਿਸ ਨੂੰ ਇਹ ਚਿੰਤਾ ਹੈ ਕਿ ਮੇਰੇ ਕੋਲ ਕੁਝ ਵੀ ਨਹੀਂ। (ਮਾਸਟਰ ਤਾਰਾ ਸਿੰਘ)

-396-

ਪੌਣ ਦੇ ਬੁੱਲ੍ਹੇ ਨਾਲ ਕਾਗ਼ਜ਼ ਦਾ ਟੁਕੜਾ ਤਾਂ ਉਡਾਇਆ ਜਾ ਸਕਦਾ ਹੈ, ਪਰ ਵੱਡਾ ਪਰਬਤ ਨਹੀਂ ਹਿਲਾਇਆ ਜਾ ਸਕਦਾ।

-397-

ਨੌਕਰ ਦੀ ਜ਼ਿੰਦਗੀ ਹਰ ਪਾਸੇ ਇਲਜ਼ਾਮਾਂ ਦਾ ਸ਼ਿਕਾਰ ਹੋਈ ਰਹਿੰਦੀ ਹੈ। ਚੁੱਪ ਰਹੇ ਤਾਂ ਗੁੰਗਾ, ਬੋਲ ਪਏ ਤਾਂ ਬਕਵਾਸੀ, ਲਾਗੇ ਰਹੇ ਤਾਂ ਢੀਠ ਤੇ ਦੂਰ ਰਹੇ ਤਾਂ ਬੇਪਰਵਾਹ ਸਮਝਿਆ ਜਾਂਦਾ ਹੈ।

-398-

ਮਨੁੱਖ ਜਿਤਨਾ ਛੋਟਾ ਹੁੰਦਾ ਹੈ, ਉਸ ਦਾ ਅਹੰਕਾਰ ਉਤਨਾ ਹੀ ਵੱਡਾ ਹੁੰਦਾ ਹੈ।

-399-

ਕਰਜ਼ਾ ਭੁਲਾ ਦੇਣ ਨਾਲ ਕਰਜ਼ਾ ਸਿਰੋਂ ਤਾਂ ਨਹੀਂ ਨਾ ਉਤਰ ਜਾਂਦਾ।

-400-

ਕੁਦਰਤ ਮਾਤਾ ਕਿਸੇ ਨੂੰ ਵੀ ਪਸੀਨਾ ਵਹਾਏ ਬਿਨਾਂ ਰੋਟੀ ਨਹੀਂ ਦੇਂਦੀ, ਕੋਈ ਕਲਮ ਚਲਾ ਆਵੇ, ਕੋਈ ਹਲ ਵਾਹ ਆਵੇ। (ਬਰਨਾਰਡ ਸ਼ਾਅ)

-4●1-

ਸਿਆਸਤ ਵੇਸ਼ਵਾ ਵਾਂਗ ਕਈ ਵੇਸ ਧਾਰਦੀ ਹੈ, ਕਦੀ ਸੱਚ ਬੋਲਦੀ ਹੈ ਕਦੀ, ਝੂਠ, ਕਦੀ ਨਰਮ ਹੋ ਜਾਂਦੀ ਹੈ ਕਦੀ ਗਰਮ, ਕਿਤੇ ਮਾਰੂਹੋ ਜਾਂਦੀ ਹੈ ਕਿਤੇ ਦਿਆਲੂ, ਕਦੇ ਦਾਨੀ ਤੇ ਕਿਤੇ ਲਾਲਚੀ।

-4●2-

ਕੁਝ ਚੀਜ਼ਾਂ ਬਾਰੇ ਸਭ ਕੁਛ ਤੇ ਸਾਰੀਆਂ ਚੀਜ਼ਾਂ ਬਾਰੇ ਕੁਝ ਨਾ ਕੁਝ ਜਾਣਨਾ ਹੀ ਅਸਲ ਵਿਦਿਆ ਹੈ।

-4●3-

ਆਪਣੀ ਗ਼ਲਤੀ ਦੀ ਖ਼ਬਰ ਲੱਗਣ ਨਾਲ ਅੱਧਾ ਕੰਮ ਠੀਕ ਹੋ ਜਾਂਦਾ ਹੈ, ਜੇ ਮੰਨ ਲਈਏ ਤਾਂ ਸਾਰੀ ਗੱਲ ਠੀਕ ਹੋ ਜਾਂਦੀ ਹੈ।

-4●4-

ਮਸਤ ਹਾਥੀਆਂ ਦੇ ਸਿਰਾਂ ਨੂੰ ਪਾੜਨ ਵਾਲੇ ਤੇ ਸ਼ੇਰਾਂ ਨੂੰ ਚੀਰ ਕੇ ਰੱਖ ਦੇਣ ਵਾਲੇ ਸੂਰਮੇਂ ਮਰਦ ਵੀ ਮਿਲ ਜਾਣਗੇ, ਪ੍ਰੰਤੂਕਾਮਵਾਸ਼ਨਾ ਨੂੰ ਫ਼ਤਹਿ ਕਰਨ ਵਾਲੇ ਵਿਰਲੇ ਹੀ ਹਨ। (ਭਰਥਰੀ ਹਰੀ)

-4●5-

ਸਭ ਤੋਂ ਵੱਡੀ ਭੁੱਲ ਤਾਂ ਇਹ ਹੈ ਕਿ ਆਪਣੀ ਭੁੱਲ ਦੇ ਹੁੰਦਿਆਂ-ਸੁੰਦਿਆਂ ਵੀ ਭੁੱਲ ਨਾ ਮੰਨੀ ਜਾਵੇ। (ਮਾਸਟਰ ਤਾਰਾ ਸਿੰਘ)

-4●6-

ਨੁਕਤਾਚੀਨੀ ਘੱਟ ਕਰੋ, ਪਰਮਾਤਮਾ ਵੀ ਮਨੁੱਖ ਦੀ ਆਖ਼ਰੀ ਦਿਨ ਤੋਂ ਪਹਿਲਾਂ ਪੜਤਾਲ ਨਹੀਂ ਕਰਦਾ। (ਜਾਨਸਨ)

-4●7-

ਪ੍ਰੀਤੀ ਉਹ ਜੋ ਜ਼ਿੰਦਗੀ ਦੇਵੇ, ਅੰਦੋਲਨ ਉਹ ਜੋ ਜ਼ਿੰਦਗੀ ਬਦਲੇ, ਆਜ਼ਾਦੀ ਉਹ ਚਾਹੀਦੀ ਹੈ ਜੋ ਜੀਵਨ ਨੂੰ ਸਦਾ ਲਈ ਸਭ ਤਰ੍ਹਾਂ ਸੁਤੰਤਰ ਕਰ ਦੇਵੇ।

-4●8-

ਵਿਸ਼ੇ-ਵਿਕਾਰਾਂ ਨੇ ਆਖ਼ਰ ਅਸਾਨੂੰ ਛੱਡ ਹੀ ਜਾਣਾ ਹੈ, ਅਗਰ ਅਸੀਂ ਇਨ੍ਹਾਂ ਨੂੰ ਪਹਿਲੇ ਛੱਡ ਦੇਵੀਏ, ਬਹੁਤ ਚੰਗਾ ਹੋਵੇਗਾ।

-4●9-

ਇਹ ਨਿਸਚਾ ਬਣਾਓ ਕਿ ਹਰ ਮਨੁੱਖ ਵਿਚ ਮੇਰੇ ਨਾਲੋਂ ਵਧੀਕ ਖ਼ੂਸੀ ਹੈ ਤੇ ਮੈਂ ਉਸ ਤੋਂ ਕੁਝ ਨਾ ਕੁਝ ਸਿੱਖ ਸਕਦਾ ਹਾਂ। (ਐਮਰਸਨ)

-410-

ਜੋ ਆਪਣੇ ਗੁਣਾਂ ਦਾ ਜ਼ਿਕਰ ਨਾ ਕਰੇ ਤੇ ਦੂਸਰਿਆਂ ਦੇ ਔਗੁਣ ਨਾ ਫੋਲੇ, ਉਹ ਕਾਫ਼ੀ ਚੰਗਾ ਆਦਮੀ ਹੈ।

-411-

ਜੋ ਪਰਮਾਤਮਾ ਜੰਗਲੀ ਘਾਹ ਨੂੰ ਸੁੱਕਣ 'ਤੇ ਨਵੀਂ ਪੁਸ਼ਾਕ ਪਹਿਨਾਉਂਦਾ ਹੈ, ਕੀ ਉਹ ਤੁਹਾਨੂੰ ਨਵੇਂ ਸੁੰਦਰ ਬਸਤਰਾਂ ਨਾਲ ਨਹੀਂ ਸਜਾਏਗਾ? (ਹਜ਼ਰਤ ਈਸਾ)

-412-

ਸ਼ਿਸ਼ਟਾਚਾਰ ਦਾ ਸਹੀ-ਸਹੀ ਭਾਵ ਹੈ, ਆਪਣੇ ਆਪ ਨੂੰ ਪਿਆਰ-ਭਰੀ ਵਰਤੋਂ ਲਈ ਤਿਆਰ ਕਰਨਾ।

-413-

ਭੱਜਣਾ ਦੌੜਨਾ ਫ਼ਜ਼ੂਲ ਗੱਲ ਹੈ, ਸਹੀ ਕੰਮ ਤਾਂ ਸਮੇਂ ਸਿਰ ਚੱਲਣਾ ਹੈ।

-414-

ਸੰਸਾਰ ਵਿਚ ਵਿਆਹੇ ਫਿਲਾਸਫਰ ਨਾਲੋਂ ਹੋਰ ਕੋਈ ਵੱਧ ਮਜ਼ਾਕ ਵਾਲੀ ਗੱਲ ਨਹੀਂ।

-415-

ਜ਼ਿਆਦਾ ਬੋਲਣ ਨਾਲ ਵੀਚਾਰ ਲੱਸੀ ਵਾਂਗ ਪਤਲੇ ਪੈ ਜਾਂਦੇ ਹਨ। ਜ਼ਰਾ ਗੰਭੀਰੇ ਰਹੋ।

-416-

ਬਾਹਲੀ ਜਾਣ-ਪਛਾਣ ਵਿਚ ਵੀ ਗੁਣਾਂ ਦਾ ਆਦਰ ਨਹੀਂ ਰਹਿੰਦਾ। ਭੀਲਾਂ ਦੀ ਕੁੜੀ ਚੰਦਨ ਦੇ ਟੋਟਿਆਂ ਨੂੰ ਵੀ ਬਾਕੀ ਬਾਲਣ ਦੇ ਨਾਲ ਹੀ ਫੂਕ ਛੱਡਦੀ ਹੈ।

-417-

ਤੁਸੀਂ ਉਸੇ ਤਰ੍ਹਾਂ ਹੀ ਪਵਿੱਤਰ ਬਣੋ, ਜਿਸ ਤਰ੍ਹਾਂ ਦਾ ਤੁਹਾਡਾ ਈਸ਼ਵਰ ਹੈ। (ਤੌਰੇਤ)

-418-

ਜਿਸ ਕੰਮ ਦੇ ਕਰਨ ਤੋਂ ਆਤਮਾ ਹਿਚਕਚਾਉਂਦੀ ਹੈ, ਉਹ ਕਦੀ ਨਾ ਕਰੋ, ਉਹ ਪਾਪ ਹੀ ਹੈ।

-419-

ਸੁੱਖ ਉਸ ਅਵਸਥਾ ਦਾ ਨਾਮ ਹੈ, ਜਿਸ ਵਿਚ ਅਸੀਂ ਕੋਈ ਅਦਲਾ-ਬਦਲੀ ਨਹੀ ਚਾਹੁੰਦੇ। (ਫੇਨਤਵਲ)

-420-

ਫ਼ਕੀਰ ਆਪਣੀ ਕੁਟੀਆ ਵਿਚ ਆਪਣੇ ਵਰਗੇ ਸੈਂਕੜਿਆਂ ਨੂੰ ਸਮਾ ਸਕਦਾ ਹੈ, ਪਰ ਇਕ ਬਾਦਸ਼ਾਹ ਦੀ ਸਲਤਨਤ ਵਿਚ ਦੂਜਾ ਉਸ ਵਰਗਾ ਹੋਰ ਕੋਈ ਨਹੀਂ ਰਹਿ ਸਕਦਾ। (ਸ਼ੇਖ ਸਾਅਦੀ)

-421-

ਸਾਹਿੱਤ, ਪ੍ਰਕਾਸ਼ਕਾਂ ਲਈ ਪੈਸੇ, ਪਾਠਕਾਂ ਲਈ ਸਿੱਖਿਆ ਤੇ ਲੇਖਕਾਂ ਲਈ ਕੇਵਲ ਅਨੰਦ ਤੇ ਕੀਰਤੀ ਹੀ ਦੇਂਦਾ ਹੈ।

-422-

ਮੋਮਨ ਉਹ ਹੈ, ਜਿਸ ਦੇ ਹੱਥ ਸਭ ਆਦਮੀ ਆਪਣਾ ਜਾਨ ਮਾਲ ਸੌਂਪ ਕੇ ਨਿਸਚਿੰਤ ਹੋ ਜਾਣ। (ਬੁਖਾਰੀ)

-423-

ਸੋਹਣਾ ਸਰੀਰ, ਸੋਹਣਾ ਦਿਮਾਗ਼ ਤੇ ਸੋਹਣਾ ਹਿਰਦਾ, ਤਿੰਨੇ ਸੰਪੂਰਨ ਸੁੰਦਰਤਾ ਦੇ ਚਿੰਨ੍ਹ ਹਨ।

-424-

ਜਦ ਤਕ ਤੁਸੀਂ ਇਹ ਨਹੀਂ ਜਾਣਦੇ ਕਿ ਜ਼ਿੰਦਗੀ ਕੀ ਹੈ, ਮੌਤ ਨੂੰ ਕਿਵੇਂ ਸਮਝ ਸਕਦੇ ਹੋ? (ਕੁੰਗ ਫਯੂਤਜ਼ੇ)

-425-

ਉਹ ਘਰ ਭੀ ਬਣ ਵਾਂਗ ਹੀ ਹਨ ਜਿੱਥੇ ਛਣਕੰਦੜੇ ਚੂੜੇ ਦਾ ਸ਼ੋਰ ਨਹੀਂ ਤੇ ਨਿੱਕੇ-ਨਿੱਕੇ ਬੱਚਿਆਂ ਦੀਆਂ ਕਲੋਲਾਂ ਸੁਣਾਈ ਨਹੀਂ ਦੇਂਦੀਆਂ।

-426-

ਸ਼ਰਾਬ ਨਾਲੋਂ ਸੋਨੇ ਚਾਂਦੀ ਦਾ ਨਸ਼ਾ ਜ਼ਿਆਦਾ ਹੁੰਦਾ ਹੈ। ਸ਼ਰਾਬ ਤਾਂ ਪੀਣ 'ਤੇ ਹੀ ਨਸ਼ਾ ਦੇਂਦੀ ਹੈ, ਪਰ ਮਾਇਆ ਕੋਲ ਹੋਵੇ ਤਾਂ ਹੀ ਨਸ਼ਾ ਚੜ੍ਹ ਜਾਂਦਾ ਹੈ।

-427-

ਬੇਝਿਜਕ ਆਪਣੀ ਆਤਮਾ ਦੀ ਆਵਾਜ਼ ਮਗਰ ਲੱਗਣਾ, ਰੱਬੀ ਹੁਕਮ ਦੀ ਪਾਲਣਾ ਕਰਨ ਬਰਾਬਰ ਹੈ।

-428-

ਫ਼ਕੀਰ ਆਪਣੇ ਆਪ ਤੋਂ ਟੁਰ ਕੇ ਆਪਣੇ ਆਪ ਤਕ ਲੰਮਾ ਸਫ਼ਰ ਕਰਦੇ ਹਨ।

-429-

ਲਾਇਕ ਪਤਨੀ ਦੇ ਸੁਆਮੀ 'ਤੇ ਅਜਿਹਾ ਕੋਈ ਕਸ਼ਟ ਨਹੀਂ ਆ ਸਕਦਾ, ਜੋ ਉਹ ਸਹਾਰ ਨਾ ਸਕੇ

-430-

ਮੇਰੀ ਬੁੱਧੀ ਭੂਤ-ਕਾਲ ਵਿਚ, ਸਰੀਰ ਵਰਤਮਾਨ ਵਿਚ ਤੇ ਆਤਮਾ ਭਵਿੱਸ਼ਤ ਵਿਚ ਵਿਚਰਦੀ ਰਹਿੰਦੀ ਹੈ।

-431-

ਤੁਸੀਂ ਆਪਣੇ ਆਪ ਨੂੰ ਤੱਕ ਨਹੀਂ ਸਕਦੇ। ਜੋ ਕੁਝ ਤੁਸੀਂ ਵੇਖ ਰਹੇ ਹੋ, ਇਹ ਤਾਂ ਤੁਹਾਡਾ ਪਰਛਾਵਾਂ ਹੀ ਹੈ।

-432-

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਮੱਛੀ ਨੂੰ ਅਗਰ ਪਾਣੀ ਵਿੱਚੋਂ ਕੱਢ ਲੀਤਾ ਜਾਵੇ, ਉਹ ਡੁੱਬਣੋਂ ਬਚ ਜਾਏਗੀ।

-433-

ਅਗਰ ਤੁਹਾਨੂੰ ਭੁੱਖ ਨਹੀਂ ਲੱਗੀ, ਤੁਸੀਂ ਭੋਜਨ ਨੂੰ ਕੋਸਣਾ ਨਾ ਸ਼ੁਰੂ ਕਰ ਦਿਓ।

-434-

ਤੁਸੀਂ ਆਪਣੇ ਮਿੱਤਰਾਂ ਦੀ ਝੂਠੀ ਪ੍ਰਸ਼ੰਸਾ ਕਰ ਕੇ ਉਸ ਨੂੰ ਸ਼ਰਮਿੰਦਿਆਂ ਨਾ ਕਰੋ, ਇਹ ਪਾਪ ਹੈ।

-435-

ਤੁਸੀਂ ਤਾਂ ਮੈਨੂੰ ਬੋਲ-ਚਾਲ ਦੀ ਜਾਚ ਸਿਖਾਈ ਹੈ, ਮੈਂ ਅਯੋਗ ਲਾਭ ਇਹ ਖੱਟਿਆ ਕਿ ਤੁਹਾਨੂੰ ਕੋਸਣ ਲੱਗ ਪਿਆ। (ਸ਼ੈਕਸਪੀਅਰ)

-436-

ਪੁਰਾਣੇ ਸਮਾਜ ਦੇ ਪੇਟ ਵਿਚ ਜਦੋਂ ਨਵੇਂ ਸਮਾਜ ਦਾ ਬੱਚਾ ਆ ਜਾਂਦਾ ਹੈ ਤਾਂ ਉਸ ਨੂੰ ਜਨਮ ਦੇਣ ਲਈ ਕ੍ਰਾਂਤੀ, ਦਾਈ ਦਾ ਕੰਮ ਕਰਦੀ ਹੈ। (ਮਾਰਕਸ)

-437-

ਸਾਰੇ ਫੁੱਲਾਂ ਨੂੰ ਮਸਲ ਕੇ ਇਕ ਕਰ ਦੇਣ ਦਾ ਨਾਮ ਏਕਤਾ ਨਹੀਂ, ਸਭ ਦਾ ਬਰਾਬਰ ਸਨਮਾਨ ਰੱਖ ਕੇ ਹਾਰ ਵਿਚ ਪ੍ਰੋਣਾ ਹੋਰ ਗੱਲ ਹੈ।

-438-

ਸਾਗਰਾਂ ਤੋਂ ਵੱਡੀ ਚੀਜ਼ ਆਕਾਸ਼ ਹੈ ਤੇ ਆਕਾਸ਼ ਤੋਂ ਵੀ ਵੱਡੀ ਚੀਜ਼ ਹੈ ਮਨੁੱਖ ਦੀ ਆਤਮਾ।

-439-

ਉਸ ਤੋਂ ਵੱਧ ਗ਼ੁਲਾਮ ਕੌਣ ਹੈ, ਜੋ ਭੁੱਲ ਨਾਲ ਇਹ ਮੰਨੀ ਬੈਠਾ ਹੋਵੇ ਕਿ ਮੈਂ ਆਜ਼ਾਦ ਹਾਂ। (ਗੋਇਟੇ)

-44●-

ਜੇ ਮੈਂ ਅੰਨ੍ਹੇ ਆਦਮੀ ਨੂੰ ਖੂਹ ਵੱਲ ਤੁਰਿਆ ਜਾਂਦਾ ਤੱਕਾਂ ਤੇ ਫਿਰ ਖ਼ਾਮੋਸ਼ ਬੈਠਾ ਰਹਾਂ, ਇਹ ਗੁਨਾਹ ਨਹੀਂ ਤਾਂ ਹੋਰ ਕੀ ਹੈ? (ਸ਼ੇਖ਼ ਸਾਅਦੀ)

-441-

ਅਗਰ ਚੰਗਾ ਬੋਲਣ ਦੀ ਜਾਚ ਹੋਵੇ ਫਿਰ ਰੋਟੀ ਦਾ ਕੋਈ ਫ਼ਿਕਰ ਨਹੀਂ, 'ਰਾਮ ਰਾਮ' ਆਖ ਕੇ ਤਾਂ ਤੋਤਾ ਵੀ ਚੂਰੀ ਖਾਣ ਦਾ ਹੱਕਦਾਰ ਬਣ ਜਾਂਦਾ ਹੈ।

-442-

ਜੋ ਆਦਮੀ ਪਰਾਈ ਨਿੰਦਾ ਕਰਨ ਲਈ ਗੁੰਗਾ, ਪਰਾਇਆ ਰੂਪ ਤੱਕਣ ਲਈ ਅੰਨ੍ਹਾ ਤੇ ਚੋਰੀ ਜਾਰੀ ਕਰਨ ਲਈ ਪਿੰਗਲਾ ਹੈ, ਉਹ ਸਭ ਤੋਂ ਸੁੰਦਰ ਮਨੁੱਖ ਹੈ।

-443-

ਮੂਰਖ ਨੂੰ ਜ਼ਿਆਦਾ ਮੇਹਨਤ ਨਾਲ ਤੇ ਸਿਆਣੇ ਨੂੰ ਥੋੜ੍ਹੀ ਮੇਹਨਤ ਨਾਲ ਹੀ ਸਮਝਾ ਸਕੀਦਾ ਹੈ, ਪਰ ਥੋੜ੍ਹਾ ਜਾਣਨ ਵਾਲੇ ਕੱਚਘਰੜ ਨੂੰ ਬ੍ਰਹਮਾ ਵੀ ਨਹੀਂ ਸਮਝਾ ਸਕਦਾ। (ਭਰਥਰੀ ਹਰੀ)

-444-

ਮਿੱਤਰ ! ਮੇਰੀ ਸ਼ਰਾਬ ਮੇਰੇ ਹੀ ਪਿਆਲੇ ਵਿਚ ਪੀਓ, ਜਦੋਂ ਇਸ ਨੂੰ ਦੂਸਰਿਆਂ ਪਿਆਲਿਆਂ ਵਿਚ ਪਲਟਿਆ ਜਾਂਦਾ ਹੈ, ਉਸ ਦੀ ਝੱਗ ਦੀ ਮਾਲਾ ਟੁੱਟ ਜਾਂਦੀ ਹੈ। (ਟੈਗੋਰ)

-445-

ਮਹਾਂਪੁਰਸ਼ਾਂ ਦੇ ਚਿਹਰੇ, ਗ਼ਮੀ ਤੇ ਖ਼ੁਸ਼ੀ ਸਮੇਂ ਲਾਲ-ਲਾਲ ਦਮਕਦੇ ਹੀ ਦਿਖਾਏ ਦਿੰਦੇ ਹਨ, ਜਿਵੇਂ ਸੂਰਜ ਚੜ੍ਹਨ ਤੇ ਛਿਪਣ ਸਮੇਂ ਸੂਹਾ-ਸੂਹਾ ਰਹਿੰਦਾ ਹੈ।

-446-

ਜੇ ਰੱਬ ਦੀ ਹਸਤੀ ਨਾ ਵੀ ਹੁੰਦੀ ਤਾਂ ਸਾਡੇ ਲਈ ਉਸ ਦੀ ਕਾਢ ਕੱਢਣੀ ਆਵੱਸ਼ਕ ਹੋ ਜਾਣੀ ਸੀ।

-447-

ਪੜ੍ਹਨ ਨਾਲ ਵਾਕਫ਼ੀ, ਲਿਖਣ ਨਾਲ ਅਸਲੀਅਤ ਤੇ ਵਾਰਤਾਲਾਪ ਕਰਨ ਨਾਲ ਗੱਲ ਚੰਗੀ ਤਰ੍ਹਾਂ ਯਾਦ ਰਹਿ ਜਾਂਦੀ ਹੈ। (ਬੇਕਨ)

-448-

ਸਾਰੀ ਦੁਨੀਆਂ ਢੂੰਡ ਲਵੋ, ਪਰ ਤੁਹਾਨੂੰ ਪਿਆਰ ਤੋਂ ਮਿੱਠੀ ਮਧੁਰ ਚੀਜ਼ ਕੋਈ ਨਹੀ ਮਿਲੇਗੀ।

-449-

ਪੁਰਾਣੇ ਕੱਪੜੇ ਪਹਿਨ ਕੇ ਵੀ ਸਦਾ ਨਵੀਆਂ ਕਿਤਾਬਾਂ ਖ਼ਰੀਦਣ-ਪੜ੍ਹਨ ਦੀ ਕੋਸ਼ਿਸ਼ ਵਿਚ ਰਹੋ।

(ਰਾਧਾ ਕ੍ਰਿਸ਼ਨਨ)

-45●-

ਪਰਮਾਰਥ ਦੇ ਨਾਮ 'ਤੇ ਪਾਪ ਕਰਨ ਵਾਲੇ ਸਭ ਤੋਂ ਵੱਡੇ ਦੋਸ਼ੀ ਹਨ, ਉਨ੍ਹਾਂ ਦੇ ਪਾਪਾਂ ਤੋਂ ਸੰਸਾਰ ਦੇ ਹੋਰ ਪਾਪ ਵੀ ਸ਼ਰਮ ਖਾਂਦੇ ਹਨ। (ਗੁਰੂਗੋਬਿੰਦ ਸਿੰਘ)

-451-

ਨੀਚ ਕਰਮ ਕਰਨ ਲਈ ਮੂਰਖਾਂ ਦੀ ਬੁੱਧੀ ਤਿੱਖੀ ਹੋ ਜਾਂਦੀ ਹੈ, ਉੱਲੂ ਹਨੇਰੀਆਂ ਰਾਤਾਂ ਵਿਚ ਵੀ ਆਪਣਾ ਸ਼ਿਕਾਰ ਲੱਭ ਲੈਂਦਾ ਹੈ।

-452-

ਉਸ ਆਦਮੀ ਵਰਗਾ ਮੂਰਖ ਕੋਈ ਨਹੀਂ ਹੋਣਾ, ਜੋ ਆਪਣੀ ਦਾਰਸ਼ਨਿਕ ਉਚਾਂਦ ਤੋਂ ਕਿਸੇ ਇਸਤਰੀ ਦੇ ਵਿਚਾਰ ਨੂੰ ਤੁੱਛ ਸਮਝੇ।

-453-

ਉਹ ਮੂਰਖ ਜੋ ਦਿਨੇ ਹੀ ਦੀਵਾ ਜਗਾਈ ਫਿਰਦਾ ਹੈ, ਰਾਤ ਸਮੇਂ ਪਛਤਾਏਗਾ ਕਿਉਂਕਿ ਉਸ ਵੇਲੇ ਤਕ ਉਸ ਦੇ ਦੀਵੇ ਦਾ ਤੇਲ ਮੁੱਕ ਚੁੱਕੇਗਾ। (ਸ਼ੇਖ਼ ਸਾਅਦੀ)

-454-

ਅਤੀ ਖ਼ੁਸ਼ੀਆਂ ਤੇ ਅਤੀ ਸੰਕਟ ਵੱਡਿਆਂ ਨੂੰ ਹੀ ਆਉਂਦੇ ਹਨ, ਚੰਦ ਹੀ ਤਾਂ ਵਧਦਾ ਘਟਦਾ ਰਹਿੰਦਾ ਹੈ, ਤਾਰੇ ਜੇਹੋ ਜੇਹੋ ਹਨ, ਸਦਾ ਉਜੇਹੇ ਹੀ ਰਹਿੰਦੇ ਹਨ।

-455-

ਇਕ ਵਿਆਹਿਆ ਆਦਮੀ ਅੱਧੇ ਮਨੁੰਖ ਨਾਲੋਂ ਵੱਧ ਨਹੀਂ ਕਿਹਾ ਜਾ ਸਕਦਾ। (ਰੋਮਾਂ ਰੋਲਾਂ)

-456-

ਹਰ ਵੋਟਰ ਦਾ ਨਾਮ ਯਾਦ ਰੱਖਣਾ ਰਾਜਨੀਤੀ ਹੈ, ਜੋ ਉਸ ਨੂੰ ਭੁੱਲ ਜਾਂਦਾ ਹੈ, ਉਹ ਰਾਜਨੀਤੱਗ ਨਹੀਂ।

-457-

ਹਰ ਜੰਗ ਦਾ ਆਰੰਭ ਗ਼ਲਤੀ ਨਾਲ ਹੀ ਹੁੰਦਾ ਹੈ, ਭਾਵੇਂ ਉਹ ਕਿਸੇ ਵੱਲੋਂ ਵੀ ਹੋਈ ਹੋਵੇ।

-458-

ਜਿਸ ਬਿਰਛ ਨੂੰ ਕੋਈ ਫਲ ਨਾ ਲੱਗੇ, ਭਾਵੇਂ ਉਹ ਕਿਤਨਾ ਹੀ ਪੁਰਾਣਾ ਹੋਵੇ, ਕੱਟਣ-ਯੋਗ ਹੀ ਹੈ।

-459-

ਅਨਜਾਣ ਚੁੱਪ ਰਹੇ ਸਿਆਣਾ, ਤੇ ਜੇ ਸਿਆਣਾ ਚੁੱਪ ਰਹੇ ਬਹੁਤਾ ਸਿਆਣਾ ਸਮਝਿਆ ਜਾਂਦਾ ਹੈ।

-46●-

ਰੌਸ਼ਨੀ ਦੇਣ ਵਾਲਾ ਭਾਵੇਂ ਕੋਈ ਹਾਨੀ ਵੀ ਕਰ ਦੇਵੇ, ਉਹ ਝੱਲਣੀ ਹੀ ਪੈਂਦੀ ਹੈ, ਜਿਵੇਂ ਅੱਗ ਭਾਵੇਂ ਪਿੰਡ ਨੂੰ ਫੂਕ ਦੇਵੇ ਫਿਰ ਵੀ ਸਤਿਕਾਰ ਨਾਲ ਰੋਜ਼ ਘਰ ਲਿਆਉਣੀ, ਜਗਾਉਣੀ ਪੈਂਦੀ ਹੈ।

-461-

ਜੋ ਆਦਮੀ ਕਿਸੇ ਨੂੰ ਜ਼ਖ਼ਮੀ ਕਰਦਾ ਹੈ, ਉਸ ਦਾ ਆਪਣਾ ਦਿਲ ਪਹਿਲੇ ਜ਼ਖ਼ਮੀ ਹੋਇਆ ਹੁੰਦਾ ਹੈ।

-462-

ਕਾਂ, ਹੰਸ ਨਹੀਂ ਹੋ ਸਕਦਾ ਭਾਵੇਂ ਉਸ ਦਾ ਸਰੀਰ ਕੰਚਨ ਨਾਲ ਮੜ੍ਹ ਦਿਓ, ਚੁੰਝ ਰਤਨਾਂ ਨਾਲ ਸਜਾ ਦਿਓ ਤੇ ਖੰਭਾਂ ਨੂੰ ਮਣੀਆਂ ਨਾਲ ਗੁੰਦ ਦਿਓ, ਕਾਂ, ਕਾਂ ਹੀ ਰਹੇਗਾ।

-463-

ਇਤਿਹਾਸ ਬਣਾਉਣ ਵਾਲੇ ਲੋਕਾਂ ਪਾਸ ਇਤਨਾ ਵਿਹਲ ਨਹੀਂ ਕਿ ਉਹ ਇਸ ਨੂੰ ਕਲਮਬੰਦ ਵੀ ਕਰ ਸਕਣ। (ਮੈਨਨਿਚ)

-464-

ਹਰ ਧੰਦੇ ਲਈ ਸਿਖਲਾਈ ਦੀ ਲੋੜ ਹੈ ਪਰ ਰਾਜਨੀਤੀ ਦੇ ਕੰਮ ਲਈ ਹਰ ਐਰਾ ਗੈਰਾ ਆਪਣੇ ਆਪ ਨੂੰ ਲਾਇਕ ਸਮਝ ਬਹਿੰਦਾ ਹੈ।

-465-

ਜੋ ਕਲਾ ਨਾਲ ਝਗੜਾ ਕਰਦਾ ਹੈ, ਉਹ ਸਾਰੀ ਮਨੁੱਖਤਾ ਦਾ ਦੁਸ਼ਮਨ ਹੈ।

-466-

ਪਿੱਛਲੀਆਂ ਸਦੀਆਂ ਦੀ ਅਕਲਮੰਦੀ ਦਾ ਹੀ ਨਹੀਂ, ਪਾਗਲਪਣ ਦਾ ਵੀ ਸਾਡੇ 'ਤੇ ਡੂੰਘਾ ਅਸਰ ਹੈ, ਦਰਅਸਲ ਕਿਸੇ ਦਾ ਵਾਰਸ ਹੋਣਾ ਬੜੀ ਖ਼ਤਰਨਾਕ ਗੱਲ ਹੈ। (ਨਿਟਸ਼ੇ)

-467-

ਰੱਬ ਆਪਣੇ ਬੱਚਿਆਂ ਦੀਆਂ ਅੱਖੀਆਂ ਨੂੰ ਕਦੀ ਕਦੀ ਹੰਝੂਆਂ ਨਾਲ ਵੀ ਧੋਂਦਾ ਹੈ ਤਾਂ ਕਿ ਉਹ ਉਸ ਦੀ ਕੁਦਰਤ ਅਤੇ ਉਸ ਦੇ ਹੁਕਮਾਂ ਨੂੰ ਸਹੀ ਤਰ੍ਹਾਂ ਪੜ੍ਹ ਸਕਣ। (ਕਾਇਲਰ)

-468-

ਜੋ ਹਕੂਮਤ ਖ਼ਿਆਲ ਦੀ ਆਜ਼ਾਦੀ ਤਕ ਨੂੰ ਵੀ ਨਹੀਂ ਬਰਦਾਸ਼ਤ ਕਰਦੀ, ਉਸ ਨੂੰ ਕੱਲ੍ਹ ਨਹੀਂ, ਅੱਜ ਹੀ ਟੁੱਟ ਜਾਣ ਦਿਓ।

-469-

ਸਾਹਿੱਤ, ਸੰਗੀਤ ਤੇ ਕਲਾਹੀਣ ਮਨੁੱਖ ਪਸ਼ੂਹੀ ਹੈ ਭਾਵੇਂ ਉਸ ਦੇ ਸਿੰਗ-ਪੂਛ ਨਹੀਂ ਤੇ ਉਹ ਕੱਖ-ਪੱਠੇ ਵੀ ਨਹੀਂ ਖਾਂਦਾ, ਫਿਰ ਵੀ ਉਹ ਪਸ਼ੂਹੀ ਹੈ। (ਤਰਥਰੀ ਹਰੀ)

-47●-

ਕੈਮਰਾ ਹਰ ਚੰਗੇ ਮੰਦੇ ਆਦਮੀ ਦੀ ਤਸਵੀਰ ਖਿੱਚ ਲੈਂਦਾ ਹੈ, ਉਸ 'ਤੇ ਕਿਸੇ ਦਾ ਕੁਝ ਅਸਰ ਨਹੀਂ ਪੈਂਦਾ।

-471-

ਸੰਸਾਰ ਨੂੰ ਅਸੀਂ ਆਪ ਗ਼ਲਤ ਢੰਗ ਨਾਲ ਪੜ੍ਹਦੇ ਹਾਂ, ਫਿਰ ਆਖਦੇ ਹਾਂ ਕਿ ਇਹ ਸਾਨੂੰ ਧੋਖਾ ਦੇ ਰਿਹਾ ਹੈ।

-472-

ਕਈ ਆਦਮੀ ਕਬਰਾਂ ਵਿਚ ਪਏ ਮੁਰਦਿਆਂ ਵਾਲੀ ਏਕਾਂਤ ਭਾਲਦੇ ਹਨ, ਪਤਾ ਨਹੀਂ ਉਨ੍ਹਾਂ ਨੂੰ ਸੰਸਾਰ ਦੀ ਰੌਣਕ ਵਿੱਚੋਂ ਕੋਈ ਖ਼ੁਸ਼ੀ ਕਿਉਂ ਨਸੀਬ ਨਹੀਂ ਹੁੰਦੀ।

-473-

ਜਦੋਂ ਤਮਾਮ ਸਾਧਨ ਕੀਤਿਆਂ ਵੀ ਕਾਰਜ ਸਿਰੇ ਚੜ੍ਹਦਾ ਨਾ ਦਿਸੇ, ਉਸ ਸਮੇਂ ਤਲਵਾਰ ਉਠਾ ਲੈਣਾ ਜਾਇਜ਼ ਹੈ। (ਗੁਰੂਗੋਬਿੰਦ ਸਿੰਘ)

-474-

ਕਿਸੇ ਨੂੰ ਸ਼ਹੀਦ ਦੀ ਪਦਵੀ ਦੇਣ ਵਾਲੀ ਨਿਰੀ ਮੌਤ ਹੀ ਨਹੀਂ, ਸਗੋਂ ਉਹ ਆਦਰਸ਼ ਹੈ ਜਿਸ ਦੀ ਖ਼ਾਤਰ ਉਹ ਜਾਨ ਕੁਰਬਾਨ ਕਰਦਾ ਹੈ।

-475-

ਜਿਨ੍ਹਾਂ ਦਾ ਹਿਸਾਬ ਠੀਕ ਹੋਵੇ, ਉਨ੍ਹਾਂ ਨੂੰ ਕਿਸੇ ਪੜਤਾਲੀਏ ਅਧਿਕਾਰੀ ਤੋਂ ਘਬਰਾਹਟ ਨਹੀਂ ਹੁੰਦੀ।

-476-

ਲੜਾਈ ਬੰਦ ਕਰਨ ਲਈ ਲੜਾਈ ਲੜਨਾ, ਲੜਾਈ ਨਹੀਂ ਆਖੀ ਜਾਣੀ ਚਾਹੀਦੀ, ਉਹ ਤਾਂ ਇਕ ਤਰ੍ਹਾਂ ਅਮਨ ਦੀ ਜਨਮ-ਪੀੜ ਹੀ ਹੈ।

-477-

ਨੇਕੀ ਕਰ ਕੇ ਵੀ ਨੇਕ ਕਹਾਉਣੋਂ ਸੰਕੁਚਣਾ ਮਹਾਨ ਨੇਕੀ ਹੈ, ਇਹ ਚੰਗੇ ਹੋਣ ਦਾ ਚੰਗਾ ਢੰਗ ਹੈ।

-478-

ਤੁਹਾਡੀ ਪਰਖ ਇਸ ਗੱਲ 'ਤੇ ਨਹੀਂ ਹੋਣੀ ਕਿ ਤੁਸੀਂ ਕੀ ਕਰਦੇ ਹੋ। ਤੁਹਾਡੀ ਪਰੀਖਿਆ ਤਾਂ ਇਸ ਗੱਲ ਤੋਂ ਕੀਤੀ ਜਾਣੀ ਹੈ ਕਿ ਤੁਸੀਂ ਕਿਵੇਂ ਕਰਦੇ ਹੋ?

-479-

ਬਹੁਤ ਸਾਰੇ ਆਦਮੀ ਮੌਤ ਤੋਂ ਇਤਨਾ ਡਰਦੇ ਹਨ ਕਿ ਕਿਸੇ ਘੜੀ-ਪਲ ਜੀਉਂਦੇ ਹੀ ਨਹੀਂ।

-48●-

ਸਭ ਤੋਂ ਚੰਗੀ ਗੱਲ ਇਹ ਨਹੀਂ ਕਿ ਤੁਸੀਂ ਉਹ ਕੁਝ ਕਰੋ ਜੋ ਕਿਸੇ ਨੂੰ ਪਸੰਦ ਹੈ, ਬਲਕਿ ਚੰਗੀ ਚੀਜ਼ ਉਹ ਹੈ, ਜੋ ਕੋਈ ਕੁਝ ਕਰੇ, ਉਸ ਨੂੰ ਪਸੰਦ ਕੀਤਾ ਜਾਵੇ।

-481-

ਜ਼ਿੰਦਗੀ ਸੁਪਨਾ ਨਹੀਂ, ਅਸਲੀਅਤ ਹੈ। ਆਪਣਾ ਕੰਮ ਕਰੋ ਤੇ ਤਿਆਰ ਰਹੋ, ਉਹ ਰਾਤ ਆਉਣ ਵਾਲੀ ਹੈ, ਜਦੋਂ ਕੁਝ ਵੀ ਨਹੀਂ ਆਖਿਆ ਜਾ ਸਕੇਗਾ।

-482-

ਜੇਕਰ ਤੁਹਾਨੂੰ ਜੀਵਨ ਔਖਾ ਜਾਪਦਾ ਹੈ, ਕਿਸੇ ਹੋਰ ਨਾਲ ਬਦਲੀ ਕਰ ਕੇ ਵੇਖ ਲਵੋ।

-483-

ਕਿਸੇ ਦਾ ਕਸੂਰ ਹੌਲੀ ਹੌਲੀ ਦੱਸੋ, ਪ੍ਰਸ਼ੰਸਾ ਬੇਸ਼ੱਕ ਉੱਚੀ ਉੱਚੀ ਕਰੋ।

-484-

ਅਗਰ ਤੁਸੀਂ ਮਰਨ ਦਾ ਸਮਾਂ ਆਉਣ 'ਤੇ ਖ਼ੁਸ਼ੀ ਨਾਲ ਮਰ ਜਾਓ, ਫਿਰ ਕਦੀ ਵੀ ਮਰਨਾ ਨਹੀਂ ਪਏਗਾ।

-485-

ਹੱਥ ਨੂੰ ਅਣਬੁਝੇ ਚੂਨੇ ਵਿਚ ਪਾ ਕੇ ਸਾੜ ਦੇਣਾ ਅੱਛਾ ਹੈ, ਪਰ ਕਿਸੇ ਧਨੀ ਅੱਗੇ ਟੱਡਣਾ ਭਲਾ ਨਹੀਂ।

-486-

ਕੁਝ ਚਿਰ ਲਈ ਕੁਝ ਲੋਕਾਂ ਨੂੰ ਮੂਰਖ ਬਣਾਇਆ ਜਾ ਸਕਦਾ ਹੈ ਤੇ ਹਮੇਸ਼ਾ ਲਈ ਕੁਝ ਲੋਕਾਂ ਨੂੰ ਮੂਰਖ ਬਣਾਇਆ ਜਾ ਸਕਦਾ ਹੈ, ਪਰ ਹਮੇਸ਼ਾ ਲਈ ਸਾਰਿਆਂ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ। (ਲਿੰਕਨ)

-487-

ਮੂਰਖਾਂ ਦੇ ਉਸਤਤੀ-ਗੀਤਾਂ ਨਾਲੋਂ ਵਿਦਵਾਨਾਂ ਦੀਆਂ ਝਿੜਕੀਆਂ ਸੁਣ ਲੈਣੀਆਂ ਚੰਗੀਆਂ ਹਨ।

-488-

ਬਿਨਾਂ ਸੋਚੇ ਸਮਝੇ ਬੋਲੀ ਜਾਣਾ, ਨਿਸ਼ਾਨਾ ਲਏ ਬਿਨਾਂ ਗੋਲੀ ਚਲਾਉਣ ਬਰਾਬਰ ਹੈ।

-489-

ਸਭ ਤੋਂ ਵਧੇਰੇ ਖ਼ਤਰਨਾਕ ਗੱਲ ਇਹ ਹੈ ਕਿ ਮਨੁੱਖ ਦਿਲ ਵਿਚ ਇਹ ਮੰਨ ਬੈਠੇ ਕਿ ਉਸ ਦੀ ਸਕੀਮ ਵਿਚਾਰ ਦੀ ਗ਼ਲਤੀ ਕਰ ਕੇ ਨਹੀਂ, ਬਲਕਿ ਜਾਣ-ਬੁੱਝ ਕੇ ਇਸ ਦੇ ਰੋੜਾ ਅਟਕਾਉਣ 'ਤੇ ਅਸਫਲ ਰਹੀ ਹੈ। (ਜੇਰਾਲਡ ਹੈਲਡ)

-49●-

ਸੁਗੰਦ ਖਾ ਕੇ ਆਖਣ ਦੀ ਕੀ ਲੋੜ ਹੈ ਕਿ ਸੋਨਾ ਖਰਾ ਹੈ, ਕਸਵੱਟੀ ਆਪੇ ਹੀ ਨਿਰਣਾ ਕਰ ਦੇਵੇਗੀ। (ਸ਼ੇਖ਼ ਸਾਅਦੀ)

-491-

ਭਾਵੇਂ ਮੈਂ ਵੱਡੀਆਂ ਗੱਲਾਂ ਨਹੀਂ ਕਰ ਸਕਦਾ, ਪਰ ਮੈਂ ਛੋਟੀਆਂ ਨੂੰ ਹੀ ਵੱਡੇ ਨਜ਼ਰੀਏ ਤੋਂ ਤੱਕਦਾ ਹਾਂ।

-492-

ਮੇਰੇ ਛੇ ਵਫ਼ਾਦਾਰ ਨੌਕਰ ਮੈਨੂੰ ਸਭ ਕੁਝ ਦੱਸ ਦੇਂਦੇ ਹਨ, ਉਹ ਇਹ ਹਨ - 'ਕੀ, ਕਿਥੇ, ਕਦੋਂ, ਕਿਵੇਂ, ਕਿਉਂ ਤੇ ਕੌਣ।'

-493-

ਸਾਡਾ ਕੰਮ ਦੂਰ ਪਈਆਂ ਵਸਤਾਂ ਨੂੰ ਨੀਝਾਂ ਲਾ ਲਾ ਕੇ ਤੱਕਣਾ ਨਹੀਂ, ਸਗੋਂ ਨੇੜੇ ਪਏ ਵਿਹਾਰਾਂ-ਕਾਰਾਂ ਨੂੰ ਕਰਨਾ ਹੈ।

-494-

ਸਿਆਣਾ ਜੋ ਜਾਣਦਾ ਹੈ ਉਹੋ ਕੁਝ ਕਰਦਾ ਹੈ, ਮੂਰਖ ਜੋ ਨਹੀਂ ਜਾਣਦਾ ਉਹ ਕਰਦਾ ਹੈ।

-495-

ਅਰਦਾਸ ਕੋਈ ਅਰਜ਼ੀ-ਪੱਤ੍ਰ ਨਹੀਂ, ਜਿਸ ਰਾਹੀਂ ਰੱਬ ਸਾਡੀਆਂ ਤਕਲੀਫ਼ਾਂ ਤੋਂ ਜਾਣੂ ਹੁੰਦਾ ਹੈ, ਉਨ੍ਹਾਂ ਦਾ ਉਸ ਨੂੰ ਅੱਗੇ ਹੀ ਪਤਾ ਹੈ। ਅਰਦਾਸ ਉਹ ਅੱਖ ਹੈ ਜਿਸ ਨਾਲ ਅਸੀਂ ਆਪ ਰਖਵਾਲੇ ਰੱਬ ਨੂੰ ਵੇਖ ਲੈਂਦੇ ਹਾਂ।

-496-

ਦੀਵੇ ਦਾ ਰਾਤ ਭਰ ਉਨੀਂਦਰਾ ਝਾਗ ਕੇ ਜਾਗਦੇ ਰਹਿਣਾ ਬੜੀ ਭਾਰੀ ਘਾਲਣਾ ਹੈ, ਇਸੇ ਘਾਲ ਸਦਕੇ ਪ੍ਰਭਾਤ ਸੰਸਾਰ 'ਤੇ ਆਉਂਦੀ ਹੈ।

-497-

ਕਵਿਤਾ ਰੱਬ ਦੀ ਚੀਜ਼ ਹੈ, ਇਹ ਕੇਵਲ ਉਹ ਆਪਣੇ ਪੈਗ਼ੰਬਰਾਂ ਨੂੰ ਹੀ ਬਖ਼ਸ਼ਦਾ ਹੈ।

-498-

ਮੈਨੂੰ ਰੱਬ ਵੱਲੋਂ ਲਾਏ ਗਏ ਫ਼ਰਜ਼ਾਂ ਵੱਲੋਂ ਹੀ ਕਦੀ ਵਿਹਲ ਨਹੀਂ ਮਿਲਦਾ, ਮੈਂ ਕਿਸੇ ਨੂੰ ਨਫ਼ਰਤ ਕਿਸ ਸਮੇਂ ਕਰਾਂ?

-499-

ਹੇ ਪ੍ਰਭੂ ! ਮੈਨੂੰ ਸੁੰਦਰ ਹੀ ਬਣਾਈਂ, ਤਾਂ ਕਿ ਲੋਕ ਕਿਤੇ ਦੂਰੋਂ ਹੀ ਘਿਰਣਾ ਕਰਕੇ ਮੈਨੂੰ ਇਕੱਲਿਆਂ ਨਾ ਛੱਡ ਜਾਣ।

-500-

ਮੈਂ ਆਤਮਾ ਨੂੰ ਸਦਾ ਪਿਆਰਦਾ ਰਹਾਂਗਾ, ਕਿਉਂਕਿ ਇਸ ਵਿਚ ਤੇਰੀ ਹਸਤੀ ਦੀ ਸੁੰਗਧੀ ਸਮਾਈ ਹੋਈ ਹੈ।

-501-

ਜੰਗ ਉਨ੍ਹਾਂ ਲੋਕਾਂ ਦਾ ਸ਼ੁਗ਼ਲ ਹੈ, ਜੋ ਨਾ ਆਪ ਇੱਜ਼ਤ ਨਾਲ ਰਹਿਣਾ ਚਾਹੁੰਦੇ ਹਨ ਤੇ ਨਾ ਕਿਸੇ ਨੂੰ ਭਲੀ ਪਤ ਨਾਲ ਰਹਿਣ ਦੇਣਾ ਚਾਹੁੰਦੇ ਹਨ।

-502-

ਅਛੂਤ ਤੇ ਬ੍ਰਾਹਮਣ ਦੇ ਹਾਸੇ-ਰੋਣੇ, ਹੰਝੂਆਂ ਤੇ ਲਹੂ-ਰੰਗ ਵਿਚ ਕੋਈ ਭਿੰਨ-ਭੇਦ ਨਹੀਂ ਅਤੇ ਨਾ ਹੀ ਸਰੀਰਕ ਅੰਗਾਂ ਦਾ ਵਾਧ ਘਾਟ ਹੈ, ਫਿਰ ਮਨੁੱਖ ਮਨੁੱਖ ਵਿਚ ਭੇਦ-ਭਾਵ ਕਿਉਂ?

-503-

ਸੱਚੇ ਦੁਸ਼ਮਣ ਦੀ ਦੁਸ਼ਮਣੀ ਦਾ ਇਤਨਾ ਡਰ ਨਹੀਂ ਹੁੰਦਾ, ਜਿਤਨਾ ਝੂਠੇ ਦੋਸਤ ਦੀ ਦੋਸਤੀ ਦਾ ਹੁੰਦਾ ਹੈ।

-504-

ਹਾਂ, ਜੇ ਤੁਸੀਂ ਚੰਗੀ ਸਿਹਤ ਤੋਂ ਬਿਨਾਂ ਵੀ ਖ਼ੁਸ਼ ਰਹਿ ਸਕਦੇ ਹੋ, ਤਾਂ ਨੇਕੀ ਬਿਨਾਂ ਵੀ ਪ੍ਰਸੰਨਤਾ ਲੱਭ ਸਕਦੇ ਹੋ।

-505-

ਜਦੋਂ ਨਰਕ ਇਸ ਦੁਨੀਆਂ 'ਤੇ ਭੇਜਣਾ ਹੋਵੇ, ਤਾਂ ਜੰਗ ਲੱਗ ਜਾਂਦੀ ਹੈ।

-506-

ਜੰਗ ਕਹਿੰਦੀ ਹੈ ਕਿ ਇਹ ਧਰਮ ਦਾ ਹੀ ਕੰਮ ਹੈ ਕਿ ਉਹ ਮੇਰੇ ਕੰਮ ਨੂੰ ਅਸੰਭਵ ਕਰ ਦੇਵੇ, ਹੋਰ ਮੈਂ ਕਿਸੇ ਦੀ ਕਦੀ ਪ੍ਰਵਾਹ ਨਹੀਂ ਕਰਦੀ।

-507-

ਦੌਲਤ ਉਸ ਦੀ ਨਹੀਂ, ਜਿਸ ਇੱਕਠੀ ਕੀਤੀ ਹੈ, ਉਸ ਦੀ ਹੈ ਜੋ ਉਸ ਦਾ ਅਨੰਦ ਲੈਂਦਾ ਹੈ।

-508-

ਮੇਰੇ ਪਾਸੋਂ ਲੋਕ ਪੁੱਛਦੇ ਹਨ ਕਿ ਤੂੰ ਪਿੱਛੇ ਕੀ ਛੱਡ ਚੱਲਿਆ ਹੈਂ? ਅੱਗੋਂ ਰੱਬ ਪੁੱਛ ਰਿਹਾ ਹੈ ਕਿ ਤੂੰ ਅੱਗੇ ਲੈ ਕੇ ਕੀ ਆਇਆ ਹੈਂ?

-510-

ਰੱਬ ਨੇ ਆਪਣੇ ਕੰਮ ਮਨੁੰਖ ਦੇ ਸਪੁਰਦ ਕਰ ਦਿੱਤੇ ਸਨ, ਅੱਗੇ ਮਨੁੰਖ ਇਸਤਰੀ ਦੇ ਜ਼ੰਮੇ ਲਾ ਦੇਂਦਾ ਹੈ।

-511-

20 ਸਾਲ ਦੀ ਉਮਰ ਤਕ ਜਜ਼ਬਾ ਰਾਜ ਕਰਦਾ ਹੈ, 30 ਵਿਚ ਅਕਲ ਤੇ 40 ਸਾਲ ਦੀ ਆਯੂਵਿਚ ਤਜਰਬੇ ਦੀ ਹਕੂਮਤ ਹੁੰਦੀ ਹੈ। ਇਸ ਤੋਂ ਪਿੱਛੋਂ ਰਾਜ ਲਗਭਗ ਟੁੱਟ ਹੀ ਜਾਂਦਾ ਹੈ।

-512-

ਸਮੁੰਦਰਾਂ ਤੇ ਦਰਿਆਵਾਂ ਦੀ ਨਿਸਬਤ ਸ਼ਰਾਬ ਦੀ ਪਿਆਲੀ ਨੇ ਜ਼ਿਆਦਾ ਮਨੁੰਖਾਂ ਨੂੰ ਡੋਬਿਆ ਹੈ।

-513-

ਤੁਸੀਂ ਆਪੇ ਨੂੰ ਵੇਖ ਨਹੀਂ ਸਕਦੇ, ਜੋ ਕੁਝ ਵੇਖ ਰਹੇ ਹੋ, ਇਹ ਤਾਂ ਤੁਹਾਡਾ ਪਰਛਾਵਾਂ ਹੈ।

-514-

ਫਿਲਾਸਫੀ ਵਾਰਤਾਲਾਪ ਵਿਚ ਲੂਣ ਦਾ ਕੰਮ ਦੇਂਦੀ ਹੈ, ਪਰ ਨਿਰਾ ਲੂਣ ਕਦੇ ਖ਼ੁਰਾਕ ਨਹੀਂ ਬਣ ਸਕਦਾ।

-515-

ਕਾਨੂੰਨਾਂ 'ਤੇ ਜ਼ੋਰ ਨਾਲੋਂ ਇਸਤਰੀ ਦੀ ਤੱਕਣੀ ਜ਼ਿਆਦਾ ਤਾਕਤਵਰ ਹੈ, ਉਸ ਦੇ ਹੰਝੂਦਲੀਲਾਂ ਨਾਲੋਂ ਜ਼ਿਆਦਾ ਜ਼ੋਰਦਾਰ ਸਿੱਧ ਹੁੰਦੇ ਹਨ।

-516-

ਧੋਖਾ ਖਾਣ ਨਾਲ ਕਿਸੇ ਦੀ ਆਤਮਾ ਦਾ ਕੁਝ ਨਹੀਂ ਗੁਆਚਦਾ, ਪ੍ਰੰਤੂਧੋਖਾ ਦੇਣ ਨਾਲ ਆਪਣੀ ਆਤਮਾ ਹੀ ਗੁੰਮ ਜਾਂਦੀ ਹੈ।

-517-

ਇਹ ਇਕ ਇਸਤਰੀ ਹੀ ਹੈ, ਜੋ ਸੰਸਾਰ ਦੀਆਂ ਤਮਾਮ ਵੱਡੀਆਂ ਚੀਜ਼ਾਂ ਦਾ ਆਰੰਭ ਹੈ।

-518-

ਇਸਤਰੀ ਦੀ ਸਭ ਤੋਂ ਵੱਡੀ ਸ਼ਾਨ ਇਸੇ ਵਿਚ ਹੈ ਕਿ ਉਹ ਮਨੁੰਖ ਬਾਰੇ ਬਹੁਤ ਘੱਟ ਕੁਝ ਆਖੇ

-519-

ਇਸਤਰੀ ਦੇ ਵਚਿੱਤਰ ਹਿਰਦੇ ਨੇ ਹੀ ਸਾਰੇ ਸੰਸਾਰ ਦੀ ਕਵਿਤਾ ਤੇ ਬਾਕੀ ਹੁਨਰਾਂ ਦੀ ਸਮੱਗਰੀ ਪੈਦਾ ਕੀਤੀ ਹੈ।

-520-

ਜਿਵੇਂ ਸਿਤਾਰੇ ਅਸਮਾਨ ਦੀ ਕਵਿਤਾ ਹਨ, ਇਸਤਰੀ ਇਸ ਸੰਸਾਰ ਦੀ ਕਵਿਤਾ ਹੈ।

-521-

ਸੰਸਾਰ ਦਾ ਭਵਿੱਖ ਇਸਤਰੀ ਦੇ ਹੱਥ ਵਿਚ ਹੈ, ਜੈਸਾ ਉਹ ਬਣਾਏਗੀ ਵੈਸਾ ਬਣ ਜਾਵੇਗਾ।

-522-

ਲੋਕ ਅਜੇ ਤਕ ਨਹੀਂ ਜਾਣ ਸਕੇ, ਤਾਰੇ ਕਦੋਂ ਸੌਂਦੇ ਹਨ, ਦਰਿਆ ਕਿਸ ਵੇਲੇ ਆਰਾਮ ਕਰਦੇ ਹਨ ਤੇ ਪੌਣ ਕਿਥੇ ਰਾਤ ਕੱਟਦੀ ਹੈ।

-523-

ਮੈਂ ਚਾਰ ਚੀਜ਼ਾਂ ਚਾਹੁੰਦਾ ਹਾਂ-ਪਿਆਰ, ਕਵਿਤਾ, ਕੰਮ ਤੇ ਆਜ਼ਾਦੀ।

-524-

ਹਮੇਸ਼ਾ ਸੋਚੀ ਜਾਣ ਵਾਲਾ ਮਨੁੱਖ ਵੀ ਕੋਈ ਬਾਹਲਾ ਚੰਗਾ ਨਹੀਂ ਹੁੰਦਾ, ਦਰਅਸਲ ਉਹ ਅੰਧੇਰੇ ਦਾ ਸ਼ਹਿਜ਼ਾਦਾ ਹੈ।

-525-

ਰੱਬ ਆਪਣੀਆਂ ਪ੍ਰਭਾਤਾਂ ਤੇ ਸ਼ਾਮਾਂ ਵੇਖ ਕੇ ਕਈ ਵੇਰ ਆਪ ਵੀ ਚਕ੍ਰਿਤ ਰਹਿ ਜਾਂਦਾ ਹੈ।(ਟੈਗੋਰ)

-526-

ਕੁਝ ਆਦਮੀ ਜ਼ਿੰਦਗੀ ਭਰ ਪੜ੍ਹਾਈ ਕਰਦੇ ਰਹਿੰਦੇ ਹਨ, ਪਰ ਅੰਤ ਵੇਲੇ ਤਕ ਵੀ ਉਹ ਸੋਚਣਾ ਵਿਚਾਰਨਾ ਨਹੀਂ ਜਾਣ ਸਕਦੇ।

-527-

ਪਰਮੇਸ਼ਰ ਦੇ ਸਤਿਕਾਰ ਤੋਂ ਬਾਅਦ ਦੂਜੇ ਨੰਬਰ 'ਤੇ ਸਮੇਂ ਦਾ ਸਤਿਕਾਰ ਬਹੁਤ ਜ਼ਰੂਰੀ ਚੀਜ਼ ਹੈ।

-528-

ਅਸੀਂ ਖਲੋ ਵੀ ਜਾਂਦੇ ਹਾਂ, ਸੌਂ ਵੀ ਜਾਂਦੇ ਹਾਂ, ਪਰ ਸਮਾਂ ਸਦਾ ਟੁਰਿਆ ਹੀ ਰਹਿੰਦਾ ਹੈ।

-529-

ਅਸੀਂ ਆਖਦੇ ਇਹ ਹਾਂ ਕਿ ਸਾਨੂੰ ਸਮਾਂ ਜ਼ਿਆਦਾ ਦਿੱਤਾ ਜਾਵੇ, ਪਰ ਕਰ ਕੇ ਕੁਝ ਵੀ ਰਾਜ਼ੀ ਨਹੀਂ।

-530-

ਜ਼ਿੰਦਗੀ ਦੀਆਂ ਦੋਵੇਂ ਅਵਸਥਾਵਾਂ ਸੁਖਦਾਈ ਨਹੀਂ, ਪਹਿਲੇ ਸ਼ੁਭ ਇੱਛਾਵਾਂ ਦਾ ਪੂਰਾ ਹੋ ਜਾਣਾ, ਦੂਜੇ ਇਨ੍ਹਾਂ ਦਾ ਅਪੂਰਨ ਰਹਿ ਜਾਣਾ।

-531-

ਮਨੁੱਖ ਨੂੰ ਤਿੰਨ ਹੀ ਰੁਤਬੇ ਦਿੱਤੇ ਜਾ ਸਕਦੇ ਹਨ-ਸੰਤ, ਸੂਰਮਾ ਜਾਂ ਸ਼ਹੀਦ।

-532-

ਰੁਪਇਆ ਘੋੜੀ ਨੂੰ ਦੌੜਾ ਲੈਂਦਾ ਹੈ, ਭਾਵੇਂ ਦੀਆਂ ਲੱਤਾਂ ਨਾ ਵੀ ਹੋਣ।

-533-

ਢਾਈ ਇੰਚ ਦੀ ਜ਼ਬਾਨ ਛੇ ਫੁੱਟ ਦੇ ਆਦਮੀ ਨੂੰ ਮਾਰ ਸਕਦੀ ਹੈ। ਜ਼ਰਾ ਵਰਤੋਂ ਦਾ ਭੇਦ ਹੈ।

-534-

ਪੰਜ ਚੀਜ਼ਾਂ ਦਾ ਖ਼ਿਆਲ ਰੱਖੋ-ਤੁਸੀਂ ਕਿਸ ਨੂੰ ਕਹਿ ਰਹੇ ਹੋ, ਕੀ ਕਹਿ ਰਹੇ ਹੋ? ਕਦੋਂ ਕਿਥੇ ਤੇ ਕਿਵੇਂ ਕਹਿ ਰਹੇ ਹੋ?

-535-

ਦੁਨੀਆਂ ਸੁਖਾਂਤ ਹੈ, ਜੋ ਕੇਵਲ ਸੋਚਦੇ ਹਨ। ਦੁਨੀਆਂ ਦੁਖਾਂਤ ਹੈ, ਜੋ ਮਹਿਸੂਸ ਕਰਦੇ ਹਨ।

-536-

ਈਸ਼ਵਰ ਸਾਨੂੰ ਆਪਣੇ ਦਿੱਤੇ ਹੋਏ ਨਿੱਕੇ ਫੁੱਲਾਂ ਲਈ ਤਾਂ ਪ੍ਰਸ਼ੰਸਾ ਦਾ ਇੱਛਾਵਾਨ ਹੈ, ਸੂਰਜ ਤੇ ਧਰਤੀ ਲਈ ਨਹੀਂ।

-537-

ਬ੍ਰਿਛ ਧਰਤੀ ਦੀ ਕਵਿਤਾ ਹੈ, ਜੋ ਸਤਾਰਿਆਂ ਨੂੰ ਮਿਲਣ ਜਾ ਰਹੀ ਹੈ।

-538-

ਮੈਨੂੰ ਕਈ ਦੁੱਖਾਂ ਨਾਲ ਆਮ੍ਹੋ-ਸਾਮ੍ਹਣੇ ਤਾਂ ਹੋਣਾ ਪਿਆ ਹੈ, ਪਰ ਭੈੜਾ ਦੁਖ ਕਦੀ ਨਹੀਂ ਆਇਆ।

-539-

ਹਰ ਆਦਮੀ ਕਹਿੰਦਾ ਹੈ ਕਿ ਸਚਾਈ ਮੇਰੇ ਵੱਲ ਹੋਵੇ, ਪਰ ਕੋਈ ਆਪ ਸਚਾਈ ਵੱਲ ਹੋਣ ਨੂੰ ਤਿਆਰ ਨਹੀਂ।

-540-

ਹੱਸੋ, ਦੁਨੀਆਂ ਤੁਹਾਡੇ ਨਾਲ ਹੱਸੇਗੀ। ਰੋਵੇਗੇ ਤਾਂ ਇਹ ਕੰਮ ਤੁਹਾਨੂੰ ਇਕੱਲਿਆਂ ਹੀ ਕਰਨਾ ਪਵੇਗਾ।

-541-

ਮਨੁੱਖ ਮਜ਼੍ਹਬ ਲਈ ਲੈਕਚਰ ਵੀ ਦੇਣਗੇ, ਲੜਨਗੇ, ਮਰਨਗੇ ਵੀ। ਪਰ ਇਸ ਲਈ ਜੀਉਂਦੇ ਬਹੁਤ ਘੱਟ ਹਨ।

-542-

ਚੰਦਨ ਦੀਆਂ ਜੜ੍ਹਾਂ ਵਿਚ ਸੱਪੀਂ ਟੀਸੀ 'ਤੇ ਬਾਂਦਰ, ਟਾਹਣੀਆਂ ਅਤੇ ਪੰਛੀ ਤੇ ਕਾਲੇ ਭੌਰ ਸ਼ੋਰ ਕਰ ਰਹੇ ਹਨ, ਪਰ ਚੰਦਨ ਦੀ ਸ਼ਾਂਤ ਤਬੀਅਤ ਨੂੰ ਕੋਈ ਬਦਲ ਨਹੀਂ ਸਕਦਾ।

-543-

ਜਦੋਂ ਮਜ਼੍ਹਬ ਸਾਇੰਸ ਦੇ ਤੌਰ 'ਤੇ ਮੰਨਿਆ ਜਾਵੇਗਾ ਤਾਂ ਸ਼ਾਇਦ ਔਖਾ ਮਸਲਾ ਕੋਈ ਨਹੀਂ ਰਹੇਗਾ।

-544-

ਜਿਸ ਦੇ ਹਥਿਆਰ ਹੀ ਪੂਜਨੀਕ ਦੇਵਤੇ ਹਨ, ਉਹ ਜਿੱਤ ਨਹੀਂ ਸਕਦਾ।

-545-

ਗਾਲ੍ਹ ਉਦੋਂ ਮੂੰਹੋਂ ਨਿਕਲਦੀ ਹੈ, ਜਦੋਂ ਨੇਕੀ ਮਰਨ ਕਿਨਾਰੇ ਹੋਵੇ ਤੇ ਉਸ ਦਾ ਘੰਡ ਵੱਜ ਰਿਹਾ ਹੋਵੇ

-546-

ਕੰਮ ਵਿਚ ਗ਼ਲਤਾਨ ਕਿਰਤੀ ਕਿਸਾਨ, ਵਿਹਲੜ ਜੈਂਟਲਮੈਂਟ ਨਾਲੋਂ ਸ਼੍ਰੇਸ਼ਟ ਹੈ।

-547-

ਅਗਰ ਤੁਸੀਂ ਚੰਗੇ ਹੋ, ਤੁਹਾਡਾ ਪਹਿਲਾ ਯਕੀਨ ਇਹ ਚਾਹੀਦਾ ਹੈ ਕਿ ਤੁਸੀਂ ਚੰਗੇ ਨਹੀਂ।

-548-

ਪੂਰਬੀ ਦੇਸਾਂ ਵਿਚ ਪ੍ਰੀਤਵਾਨ ਫੁੱਲਾਂ ਰਾਹੀਂ ਵਾਰਤਾਲਾਪ ਕਰਦੇ ਤੇ ਪੁਸ਼ਪਲੜੀਆਂ ਨਾਲ ਹੀ ਪਿਆਰਿਆਂ ਨੂੰ ਬੁਲਾਉਂਦੇ ਹਨ। (ਪਰੀਸੇਵਲ)

-549-

ਅਗਰ ਸ਼ਾਂਤੀ ਅਸੀਂ ਆਪਣੇ ਅੰਦਰੋਂ ਨਹੀਂ ਲੱਭ ਸਕਦੇ, ਇਸ ਨੂੰ ਹੋਰ ਥਾਂ ਢੂੰਡਣਾ ਵੀ ਤਾਂ ਵਿਅਰਥ ਹੈ।

-550-

ਜੇਕਰ ਮਜ਼੍ਹਬ ਵਿਚ ਸਚਾਈ ਨਹੀਂ ਰਹੀ, ਫਿਰ ਭਾਵੇਂ ਸਾਰੇ ਨੂੰ ਹੀ ਬਦਲ ਦਿਓ।

-551-

ਅਸੀਂ ਉਸ ਪਾਸੇ ਨੂੰ ਟੁਰੇ ਜਾ ਰਹੇ ਹਾਂ, ਜਿਸ ਨੂੰ ਅਸੀਂ ਨਾ ਵੇਖਿਆ ਹੈ ਤੇ ਨਾ ਸਾਨੂੰ ਇਸ ਬਾਰੇ ਕਿਸੇ ਕੁਝ ਦੱਸਿਆ ਹੈ।

-552-

ਮਜ਼੍ਹਬ ਉਹ ਕੁਝ ਕਰ ਸਕਦਾ ਹੈ, ਜੋ ਫਿਲਾਸਫੀ ਉੱਕਾ ਨਹੀਂ ਕਰ ਸਕਦੀ।

-553-

ਜੇਕਰ ਤੁਹਾਨੂੰ ਭੁੱਖ ਨਹੀਂ ਲੱਗੀ, ਤਾਂ ਭੋਜਨ 'ਤੇ ਦੋਸ਼ ਨਾ ਥੱਪਣ ਲੱਗ ਜਾਓ।

-554-

ਸਭ ਤੋਂ ਵੱਡਾ ਕਲਾਕਾਰ ਉਹ ਹੈ, ਜੋ ਆਪਣੇ ਜੀਵਨ ਨੂੰ ਹੀ ਕਲਾ ਦਾ ਵਿਸ਼ਾ ਬਣਾਉਂਦਾ ਹੈ। (ਥੋਰੋ)

-555-

ਅਗਰ ਮਨੁੱਖ ਮਜ਼੍ਹਬ ਦੇ ਹੁੰਦਿਆਂ ਵੀ ਇਤਨਾ ਸ਼ਰਾਰਤੀ ਤੇ ਭੈੜਾ ਹੋ ਸਕਦਾ ਹੈ, ਫਿਰ ਮਜ਼੍ਹਬ ਦੀ ਗ਼ੈਰ-ਹਾਜ਼ਰੀ ਵਿਚ ਇਸ ਦਾ ਕੀ ਹਾਲ ਹੋਵੇਗਾ, ਇਸ ਦਾ ਅੰਦਾਜ਼ਾ ਨਹੀਂ ਲੱਗ ਸਕਦਾ। (ਫ੍ਰੈਂਕਲਿਨ)

-556-

ਇਹ ਤ੍ਰੇਲ ਤੁਪਕੇ, ਰਾਤ ਰਾਣੀ ਦੇ ਸੂਰਜ-ਵਿਛੋੜੇ ਵਿਚ ਡਿੱਗੇ ਹੰਝੂ ਹੀ ਜਾਪਦੇ ਹਨ।

-557-

ਜੇ ਤੂੰ ਸਾਡਾ ਸਾਥੀ ਜਮਾਤੀ ਹੈਂ, ਤਾਂ ਤੂੰ ਸਭ ਵਰਕਿਆਂ ਨੂੰ ਪਾੜ ਦੇ, ਕਿਉਂਕਿ ਇਸ਼ਕ ਦਾ ਇਲਮ ਲਿਖਤਾਂ ਵਿਚ ਨਹੀਂ ਆਉਂਦਾ।

-558-

ਸੁੱਤੇ ਹੋ ਤਾਂ ਜਾਗੋ, ਜਾਗਦੇ ਹੋ ਤਾਂ ਸਾਵਧਾਨ ਹੋ ਜਾਓ, ਰੱਬ ਰਹਿਮਤ ਬਰਸਾ ਰਿਹਾ ਹੈ।

-559-

ਅਸੀਂ ਤੇਰੀ ਵੰਝਲੀ ਹਾਂ, ਤੂੰ ਕੋਮਲ ਬੁੱਲ੍ਹ ਛੁਹਾ ਕੇ ਵਜਾਵੇਂ, ਗੂੰਜ ਪੈਂਦੇ ਹਾਂ। ਤੇਰੇ ਬਿਨਾਂ ਮੁਰਦਾ ਲਾਸ਼ ਵਾਂਗ ਸੁੰਨ ਮੁੰਨ ਹਾਂ, ਕੁਛ ਹੀ ਨਹੀਂ।

-560-

ਮਜ਼੍ਹਬ ਇੱਕੋ ਹੀ ਹੈ, ਭਾਵੇਂ ਇਸ ਦੇ ਕਿੰਨੇ ਰੰਗ ਰੂਪ ਬਿਆਨੇ ਜਾਣ। ਇਸ ਦਾ ਬਹੁ-ਵਚਨ ਕਦੀ ਹੋ ਹੀ ਨਹੀਂ ਸਕਦਾ।

-561-

ਖ਼ਿਆਲ, ਸੰਸਾਰ ਦਾ ਸ਼ਹਿਨਸ਼ਾਹ ਹੈ, ਇਸ ਦੀ ਹਕੂਮਤ ਦੁਨੀਆਂ ਦੇ ਕੋਨੇ ਕੋਨੇ ਵਿਚ ਹੈ।

-562-

ਜੇ ਕਿਸੇ ਅਮੀਰ ਆਦਮੀ ਨੇ ਅਰੋਗ ਤੇ ਸਿਹਤਮੰਦ ਰਹਿਣਾ ਹੋਵੇ ਤਾਂ ਉਸ ਨੂੰ ਗ਼ਰੀਬਾਂ ਵਾਂਗ ਰਹਿਣਾ ਸਿੱਖਣਾ ਚਾਹੀਦਾ ਹੈ।

-563-

ਜਮਹੂਰੀਅਤ ਲਈ ਚੋਣ ਬੜੀ ਖ਼ਤਰਨਾਕ ਸ਼ੈ ਹੈ। ਇਸ ਨਾਲ ਭਲੇਮਾਣਸਾਂ ਵਾਂਗ ਭੈੜੇ ਵੀ ਪ੍ਰਤਿਨਿਧ ਬਣ ਕੇ ਆ ਜਾਂਦੇ ਹਨ।

-564-

ਕੰਮ ਤੋਂ ਗ਼ੈਰ-ਹਾਜ਼ਰ ਹੋ ਜਾਣ ਨੂੰ ਤਾਂ ਆਰਾਮ ਨਹੀਂ ਕਹਿੰਦੇ।

-565-

ਖ਼ਾਮੋਸ਼ੀ ਆਪਣੀ ਭੁੱਲ ਦਾ ਚੰਗਾ ਬਚਾਓ ਹੈ, ਜੇਕਰ ਤੁਸੀਂ ਕਰ ਸਕਦੇ ਹੋਵੋ।

-566-

ਨੇਕਨਾਮੀ ਕਾਫ਼ੀ ਚੰਗੇ ਕੰਮਾਂ ਨਾਲ ਖੱਟੀ ਜਾਂਦੀ ਹੈ, ਮਗਰ ਤਬਾਹ ਇੱਕੋ ਨਾਲ ਹੋ ਜਾਂਦੀ ਹੈ।

-567-

ਕੁਛ ਲੋਕ ਰੋਟੀ, ਕੁਛ ਦੌਲਤ ਤੇ ਕੁਝ ਸ਼ੁਹਰਤ ਚਾਹੁੰਦੇ ਹਨ, ਪਰ ਆਰਾਮ ਹਰ ਕੋਈ ਚਾਹੁੰਦਾ ਹੈ।

-568-

ਤੈਨੂੰ ਕੀ ਪਤਾ ਹੈ ਕਿ ਧਰਤੀ ਦੇ ਅੰਦਰ ਤੇ ਅਸਮਾਨਾਂ ਵਿਚ ਮਾਲਕ ਨੇ ਕੀ ਕੀ ਕੁਛ ਰੱਖਿਆ ਹੈ, ਤੈਨੂੰ ਤਾਂ ਆਪਣੇ ਘਰ ਅੰਦਰ ਦੀ ਵੀ ਖ਼ਬਰ ਨਹੀਂ।

-569-

ਜੋ ਦਿਲ ਵਿਚ ਬਦਲੇ ਦਾ ਖ਼ਿਆਲ ਰੱਖਦਾ ਹੈ, ਉਹ ਆਪਣੇ ਜ਼ਖ਼ਮ ਆਪ ਹਰੇ ਭਰੇ ਰੱਖਦਾ ਹੈ।

-570-

ਅਮੀਰ ਉਹ ਹੈ ਜਿਸ ਦੀ ਆਮਦਨ ਖ਼ਰਚ ਨਾਲੋਂ ਜ਼ਿਆਦਾ, ਗ਼ਰੀਬ ਉਹ ਹੈ ਜਿਸ ਦਾ ਖ਼ਰਚ ਆਮਦਨ ਨਾਲੋਂ ਜ਼ਿਆਦਾ ਹੋਵੇ।

-571-

ਜੇ ਤੁਸੀਂ ਆਪਣੇ ਚਿੱਤ੍ਰ ਦੀ ਕੀਮਤ ਲੈਣ ਲਈ ਕਾਹਲੀ ਨਾ ਕਰੋ ਤਾਂ ਚਿੱਤ੍ਰ ਆਪਣੇ ਆਪ ਆਪਣਾ ਮੁੱਲ ਪੁਆ ਲਵੇਗਾ। (ਰਸਕਨ)

-572-

ਮੈਂ ਮੇਘ ਵਾਂਗ ਇਕੱਲਾ ਪਹਾੜੀਆਂ ਦੀਆਂ ਵਾਦੀਆਂ ਅਤੇ ਉਚਾਈਆਂ 'ਤੇ ਬਹੁਤ ਘੁੰਮਿਆ ਹਾਂ, ਹੁਣ ਮੇਰਾ ਜੀਅ ਹੇਠਾਂ ਉਤਰਨ ਨੂੰ ਕਰਦਾ ਹੈ।

-573-

ਆਜ਼ਾਦ ਸੋਚਣ ਵਾਲੇ ਆਮ ਤੌਰ 'ਤੇ ਉਹੋ ਲੋਕ ਹੁੰਦੇ ਹਨ, ਜੋ ਕਦੀ ਵੀ ਡਰ ਕੇ ਨਾ ਸੋਚਣ।

-574-

ਜੋ ਕੁਝ ਅਸਾਂ ਦੇ ਦਿੱਤਾ, ਉਹ ਸਾਡੇ ਕੋਲ ਰਿਹਾ। ਜੋ ਖ਼ਰਚ ਲਿਆ, ਉਹ ਵੀ ਸਾਡੇ ਕੋਲ, ਪਰ ਜੋ ਛੱਡ ਚੱਲੇ ਉਹ ਗਵਾ ਬੈਠੇ।

-575-

ਜੋ ਆਪਣੇ ਆਪ 'ਤੇ ਰਾਜ ਕਰ ਸਕਦਾ ਹੈ, ਉਹ ਹੋਰਾਂ 'ਤੇ ਵੀ ਕਰ ਸਕਦਾ ਹੈ। ਕੇਵਲ ਜੁਗਤਿ ਜਾਣਨ ਦੀ ਲੋੜ ਹੈ।

-576-

ਉਹ ਜ਼ਰੂਰ ਫ਼ਤਹਿ ਹਾਸਲ ਕਰਨਗੇ, ਜਿਨ੍ਹਾਂ ਨੂੰ ਪੱਕਾ ਵਿਸ਼ਵਾਸ ਹੈ ਕਿ ਫ਼ਤਹਿ ਉਨ੍ਹਾਂ ਦੀ ਹੀ ਹੈ।

-577-

ਮੈਨੂੰ ਸ਼ਰਾਰਤੀ ਆਦਮੀ ਵੇਖ ਕੇ ਹੈਰਾਨੀ ਨਹੀਂ ਹੁੰਦੀ, ਪ੍ਰੰਤੂ ਬੇਸ਼ਰਮ ਨੂੰ ਵੇਖ ਕੇ ਤਾਂ ਹੈਰਾਨੀ ਦੀ ਹਦ ਹੋ ਜਾਂਦੀ ਹੈ।

-578-

ਅਗਰ ਤੁਸੀਂ ਹੀ ਸੋਚਦੇ ਨਹੀਂ, ਤੁਹਾਨੂੰ ਕਿਸ ਆਖਿਆ ਹੈ ਕਿ ਤੁਸੀਂ ਮਨੁੱਖ ਹੋ?

-579-

ਚੰਗੀਆਂ ਕਿਤਾਬਾਂ ਪੜ੍ਹ ਲੈਣੀਆਂ ਹੀ ਚੰਗਿਆਈ ਨਹੀਂ, ਵਰਤੋਂ ਵਿਚ ਨੇਕ, ਭਲੇ ਹੋਣਾ ਚੰਗਿਆਈ ਹੈ।

-580-

ਬਹੁਤ ਸਾਰੇ ਲੋਕ ਖ਼ਿਆਲ ਕਰਦੇ ਹਨ ਕਿ ਜੇ ਬ੍ਰਿਛ ਆਪਣੇ ਆਪ ਡਿੱਗ ਪਵੇ ਤਾਂ ਫਲ ਅਸੀਂ ਸੌਖਿਆਂ ਖਾ ਸਕਾਂਗੇ।

-581-

ਜੋ ਹਰੇਕ ਦੀ ਪ੍ਰਸ਼ੰਸਾ ਕਰਦਾ ਹੈ, ਉਸ 'ਤੇ ਘੱਟ ਯਕੀਨ ਕਰੋ। ਉਸ ਨਾਲੋਂ ਉਸ 'ਤੇ ਘੱਟ ਕਰੋ ਜੋ ਹਰ ਇਕ 'ਤੇ ਨੁਕਤਾਚੀਨੀ ਕਰਦਾ ਹੈ। ਜੋ ਸਭ ਤੋਂ ਅੱਡਰਾ ਰਹਿੰਦਾ ਹੈ, ਉਸ 'ਤੇ ਵੀ ਇਤਬਾਰ ਨਾ ਕਰੋ।

-582-

ਸਚਾਈ ਤੋਂ ਇਨਕਾਰੀ ਹੋਣ ਦਾ ਮਤਲਬ ਕੇਵਲ ਨਾਸਤਿਕਤਾ ਹੈ।

-583-

ਹੇ ਮੌਤ! ਆਪਣਾ ਜਾਲ ਕਿਤੇ ਹੋਰ ਵਿਛਾ, ਅਸਾਂ ਆਪਣਾ ਆਲ੍ਹਣਾ ਹੁਣ ਉੱਚੀ ਥਾਂ ਬਣਾ ਲਿਆ ਹੈ।

-584-

ਖ਼ਾਮੋਸ਼ ਰਹੋ, ਰੱਬ ਕੀ ਵਡਿਆਈ ਸਾਰੀ ਖ਼ਾਮੋਸ਼ੀ ਨਾਲ ਹੀ ਬਣੀ ਹੋਈ ਹੈ।

-585-

ਬਦੀ ਕਹਿੰਦੀ ਹੈ, 'ਮੈਂ ਤੁਹਾਡੀ ਹਾਂ।' ਜੇ ਇਹ ਠੀਕ ਹੈ ਤਾਂ ਇਸ ਨੂੰ ਦਰੁਸਤ ਕਰੋ।

ਜੇ ਉਹ ਝੂਠ ਬੋਲਦੀ ਹੈ ਤਾਂ ਉਸ ਦਾ ਖ਼ੂਬ ਮਖ਼ੌਲ ਉਡਾਓ।

-586-

ਕੀੜੀ ਤੋਂ ਵੱਧ ਸਾਨੂੰ ਕੋਈ ਚੰਗਾ ਉਪਦੇਸ਼ ਨਹੀਂ ਦੇ ਸਕਦਾ, ਵੈਸੇ ਉਹ ਰਹਿੰਦੀ ਚੁੱਪ ਹੀ ਹੈ ਪਰ ਰਾਤ ਦਿਨ ਰੁੱਝੀ ਰਹਿੰਦੀ ਹੈ।

-587-

ਭੈੜਾ ਆਦਮੀ ਸਜ਼ਾ ਤੋਂ ਡਰਦਾ ਬਦੀ ਤੋਂ ਘਿਰਣਾ ਕਰਦਾ ਹੈ, ਪਰ ਨੇਕ ਪੁਰਸ਼ ਨੂੰ ਨੇਕੀ ਦੇ ਕਰਨ ਦਾ ਚਾਅ ਹੁੰਦਾ ਹੈ।

-588-

ਜੋ ਅਸਾਂ ਕੀਤਾ ਹੈ, ਉਹ ਕੋਈ ਅੰਨ੍ਹਾ ਬੇਸਮਝ ਵੀ ਆਪਣੇ ਨਾਲ ਨਹੀਂ ਕਰ ਸਕਦਾ, ਅਸੀਂ ਆਪਣੇ ਸੁਆਮੀ ਨੂੰ ਆਪਣੇ ਘਰ ਵਿਚ ਹੀ ਗੁਆ ਬੈਠੇ ਹਾਂ।

-589-

ਸਿਆਣਪ ਦੀ ਬਦਕਿਸਮਤੀ ਦਾ ਸਮਾਂ ਉਹੋ ਹੁੰਦਾ ਹੈ, ਜਦੋਂ ਮੂਰਖਤਾ ਨਿਝੱਕ ਹੋ ਕੇ ਖਿੱਲੀ ਪਾਉਂਦੀ ਫਿਰ ਰਹੀ ਹੋਵੇ।

-590-

ਸੋਚੋ, ਜੇ ਤੁਸੀਂ ਬੋਲਣਾ ਹੈ। ਬੋਲੋ ਨਾ, ਜੇ ਤੁਸੀਂ ਸੋਚਦੇ ਹੋ। ਖ਼ਿਆਲ ਤੁਹਾਡੇ ਹਨ, ਬੋਲੀ ਤਾਂ ਉਧਾਰੀ ਚੀਜ਼ ਹੈ।

-591-

ਬਦਕਿਸਮਤੀ ਉਸੇ ਦਰਵਾਜ਼ੇ ਆ ਵੜਦੀ ਹੈ, ਜਿਸ ਨੂੰ ਅਸੀਂ ਕਈ ਵਾਰ ਬੇਪਰਵਾਹੀ ਨਾਲ ਖੁੱਲ੍ਹਾ ਛੱਡ ਛੱਡਦੇ ਹਾਂ।

-592-

ਸਿਤਾਰੇ ਇਉਂ ਤੱਕ ਰਹੇ ਹਨ, ਜਿਵੇਂ ਉਹ ਸੁੱਤੀ ਪਈ ਦੁਨੀਆਂ ਦੀ ਨਿਗਰਾਨੀ ਕਰ ਰਹੇ ਹੋਣ।

-593-

ਦਰਅਸਲ ਹਮਦਰਦੀ, ਸੁਹਿਰਦਤਾ ਪਿਆਰ ਦੀ ਵੱਡੀ ਭੈਣ ਹੈ।

-594-

ਸਿਆਣੇ ਬੋਲਦੇ ਹਨ, ਉਨ੍ਹਾਂ ਕੁਛ ਕਹਿਣਾ ਹੁੰਦਾ ਹੈ। ਮੂਰਖ ਇਸ ਲਈ ਬੋਲਣਾ ਪਸੰਦ ਕਰਦੇ ਹਨ ਕਿ ਉਹ ਕੁਝ ਕਹਿ ਕੇ ਦਿਖਾਉਣਾ ਚਾਹੁੰਦੇ ਹੁੰਦੇ ਹਨ।

-595-

ਦੂਸਰੇ ਨੂੰ ਸਿਖਾਉਣ ਦਾ ਜੋ ਸਭ ਤੋਂ ਚੰਗਾ ਲਾਭ ਹੈ, ਉਹ ਆਪਣੇ ਆਪ ਦੀ ਸਿੱਖਿਆ ਹੈ।

-596-

ਲਾਇਬ੍ਰੇਰੀ ਉਹ ਅਧਿਆਪਕਾ ਹੈ ਜੋ ਬਿਨਾਂ ਕੁੱਟ-ਮਾਰ, ਘੂਰ-ਘੱਪ ਅਤੇ ਬਿਨਾਂ ਫ਼ੀਸ ਦੇ ਮੁਫ਼ਤ ਸਿੱਖਿਆ ਦਿੰਦੀ ਹੈ।

-597-

ਜੁਆਨ ਜੋ ਰੋਇਆ ਨਹੀਂ, ਉਹ ਸੰਤ ਹੈ ਜਾਂ ਬੁੱਢਾ। ਜੋ ਹੱਸਦਾ ਨਹੀਂ, ਉਹ ਮੂਰਖ ਹੈ ਜਾਂ ਸਾਜ਼ਸ਼ੀ।

-598-

ਸ਼ਰਾਬ ਮੈਂ ਨਹੀਂ ਪੀਂਦਾ। ਇਸ ਦਾ ਕਾਰਨ ਇਹ ਨਹੀਂ ਕਿ ਮੈਂ ਬਹੁਤ ਸਿਆਣਾ ਹਾਂ, ਬਲਕਿ ਇਸ ਇਸ ਲਈ ਕਿ ਮੇਰੇ ਗੁਆਂਢ ਇਕ ਸੱਜਣ ਪੁਰਸ਼ ਰਹਿੰਦੇ ਹਨ।

-599-

ਸੁਸਤੀ ਉਹ ਜੰਗ ਹੈ ਜੋ ਕਿਸੇ ਲਿਸ਼ਕਦੇ ਪੁਸ਼ਕਦੇ ਚੰਗੇ ਹਥਿਆਰ ਨੂੰ ਵੀ ਕੰਮ-ਜੋਗਾ ਨਹੀਂ ਰਹਿਣ ਦੇਂਦੀ।

-600-

ਤਿੰਨ ਤਾਂ ਹੀ ਰਾਜ਼ (ਭੇਤ) ਛੁਪਾ ਕੇ ਰੱਖ ਸਕਦੇ ਹਨ, ਅਗਰ ਉਨ੍ਹਾਂ ਵਿੱਚੋਂ ਦੋ ਮਰ ਜਾਣ।

-601-

ਭਾਵੇਂ ਅਸੀਂ ਤ੍ਰੇਲ ਤੁਪਕੇ ਵਾਂਙ ਇਸ ਦੁਨੀਆਂ ਵਿਚ ਇਕ ਹੀ ਰਾਤ ਗੁਜ਼ਾਰੀ, ਪਰ ਗੁਜ਼ਾਰੀ ਫੁੱਲਾਂ ਦੀਆਂ ਕੋਮਲ ਪੱਤੀਆਂ 'ਤੇ ਹੈ।

-602-

ਮੈਂ ਆਪਣੇ ਜ਼ਖ਼ਮੀ ਦਿਲ ਨੂੰ ਰਾਤ ਦਿਨ ਛਿਲਦਾ ਰਹਿੰਦਾ ਹਾਂ। ਇਸ ਲਈ ਕਿ ਜੋ ਕੁਝ ਵੀ ਮੇਰੇ ਅੰਦਰ ਪ੍ਰਭੂ ਤੋਂ ਬਿਨਾਂ ਹੋਰ ਹੈ, ਉਹ ਬਾਹਰ ਕੱਢ ਦੇਵਾਂ।

-603-

ਆਕਾਸ਼ ਸਾਰੇ ਵਿਆਪਕ ਹੈ, ਘੜੇ ਦਾ ਆਕਾਸ਼ ਵੀ ਹੈ, ਪਰ ਉਸ ਵਿਚ ਸੂਰਜ ਨਹੀਂ ਚੜ੍ਹਦਾ, ਨਾ ਪੰਛੀ ਉੱਡ ਸਕਦੇ ਹਨ। ਪਰਮੇਸ਼ਰ ਅਸੀਮ ਅਨੰਤ ਆਕਾਸ਼ ਹੈ, ਜਿਸ ਵਿਚ ਅਸੀਂ ਸਾਰੇ ਸਮਾ ਸਕਦੇ ਹਾਂ। ਧਰਮ ਇਸੇ ਰੱਬੀ ਪ੍ਰੀਤੀ ਦੀ ਵਕਾਲਤ ਕਰਦਾ ਹੈ।

-604-

ਦੁਨੀਆਂ ਪ੍ਰਭਾਤ ਸਮੇਂ ਆਪਣੇ-ਆਪਣੇ ਕੰਮ ਟੁਰ ਜਾਂਦੀ ਹੈ, ਪਰ ਅਸੀਂ ਆਪਣੇ ਪ੍ਰੀਤਮ ਦੇ ਕੂਚੇ ਵੱਲ ਜਾਇਆ ਕਰਦੇ ਹਾਂ।

-605-

ਰੱਬ ਆਪਣੇ ਫ਼ੁਰਮਾਨ ਵੇਦਾਂ ਕਤੇਬਾਂ ਵਿਚ ਹੀ ਨਹੀਂ ਲਿਖਦਾ, ਧਰਤੀ, ਸਾਗਰ, ਚੰਨ ਸਿਤਾਰਿਆਂ, ਬ੍ਰਿਛਾਂ 'ਤੇ ਵੀ ਉਕਰਦਾ ਰਹਿੰਦਾ ਹੈ।

-606-

ਕਈ ਜਨਮ ਤੋਂ ਹੀ ਵੱਡੇ ਹੁੰਦੇ ਹਨ, ਕਈ ਘਾਲ ਨਾਲ ਵੱਡੇ ਹੋ ਜਾਂਦੇ ਹਨ ਤੇ ਕਈਆਂ 'ਤੇ ਵਡਿਆਈ ਠੋਸੀ ਜਾਂਦੀ ਹੈ।

-607-

ਪਹਿਲੇ ਅਸੀਂ ਆਦਤਾਂ ਬਣਾਉਂਦੇ ਹਾਂ, ਫਿਰ ਆਦਤਾਂ ਸਾਡੀ ਹਸਤੀ ਨੂੰ ਬਣਾਉਂਦੀਆਂ ਹਨ।

-608-

ਆਦਤ ਉਹ ਮੁਹਾਵਰਾ ਹੈ, ਜਿਸ ਨੂੰ ਮਨੁੱਖ ਰਾਤ ਦਿਨ ਦੁਹਰਾਉਂਦਾ ਰਹਿੰਦਾ ਹੈ।

-609-

ਆਮ ਖ਼ਿਆਲ ਅਨੁਸਾਰ ਕੇਸ ਉਹ ਸੁਨਹਿਰੀ ਤਾਜ ਹੈ, ਜੋ ਕੁਦਰਤ ਆਪਣੇ ਬੱਚੇ ਨੂੰ ਪਹਿਨਾਉਂਦੀ ਹੈ।

-610-

ਮਨੁੱਖ ਨੂੰ ਉਸ ਦੀ ਮਾਂ ਜਨਮ ਦੇਂਦੀ ਹੈ ਤੇ ਕੁਝ ਚਿਰ ਸੰਭਾਲਦੀ ਵੀ ਹੈ। ਪਰ ਫਿਰ ਉਹ ਆਪਣੇ ਬੱਚੇ ਨੂੰ ਸਦਾ ਜੀਉਣ-ਜੋਗੀ ਮਾਂ-ਬੋਲੀ ਦੀ ਝੋਲੀ ਪਾ ਦਿੰਦੀ ਹੈ, ਜੋ ਉਸ ਨੂੰ ਉਮਰ ਭਰ ਪਾਲਦੀ ਤੇ ਸੰਭਾਲਦੀ ਹੈ। ਜਣਨ ਵਾਲੀ ਮਾਂ ਨੂੰ ਛੱਡ ਕੇ ਬੋਲੀ ਨੂੰ ਮਾਂ ਕਹਿਣ ਦਾ ਵਿਚਾਰ ਇਸੇ ਸਤਿਕਾਰ ਦਾ ਮਹਾਨ ਚਿੰਨ੍ਹ ਹੈ।

-611-

ਆਦਮ ਲਈ ਬਹਿਸ਼ਤ ਘਰ ਸੀ, ਮਗਰ ਇਸ ਦੀ ਔਲਾਦ ਲਈ ਚੰਗਾ ਘਰ ਹੀ ਬਹਿਸ਼ਤ ਬਣ ਗਿਆ ਹੈ।

-612-

ਦੈਂਤਾਂ ਜਿਤਨੀ ਤਾਕਤ ਹੋਣਾ ਮਾੜੀ ਗੱਲ ਨਹੀਂ, ਦੈਂਤਾਂ ਵਾਂਙ ਉਸ ਨੂੰ ਵਰਤਣਾ ਜ਼ਰੂਰ ਮਾੜਾ ਹੈ। (ਸ਼ੈਕਸਪੀਅਰ)

-613-

ਸਭ ਤੋਂ ਚੰਗੇ ਆਦਮੀ ਦੇ ਗੁਨਾਹ ਵੀ ਅਗਰ ਉਸ ਦੇ ਮੱਥੇ ਦੀ ਫੱਟੀ 'ਤੇ ਲਿਖ ਦਿੱਤੇ ਜਾਣ, ਫੱਟੀ ਭਰ ਜਾਏਗੀ।

-614-

ਕਈ ਵੇਰ ਅਸੀਂ ਛੋਟੇ ਗੁਨਾਹਾਂ ਨੂੰ ਇਸ ਲਈ ਮੰਨ ਲੈਂਦੇ ਹਾਂ ਤਾਂ ਕਿ ਸਾਡੇ ਵੱਡੇ ਗੁਨਾਹ ਲੁਕੇ ਛੁਪੇ ਰਹਿਣ।

-615-

ਜਿਸ ਨੂੰ ਹਾਰ ਦਾ ਡਰ ਹੀ ਲੱਗਾ ਰਹਿੰਦਾ ਹੈ, ਉਹ ਜ਼ਰੂਰ ਹਾਰ ਜਾਵੇਗਾ।

-616-

ਸੁਨਹਿਰੀ ਰਾਜ ਅਸਲ ਉਹ ਹੈ, ਜਿਥੇ ਸੋਨਾ ਰਾਜ ਨਹੀਂ ਕਰਦਾ। (ਬਰਨਾਰਡ ਸ਼ਾਅ)

-617-

ਕਈ ਆਦਮੀ ਆਪਣੇ ਦਿਲ, ਦਿਮਾਗ਼ਾਂ ਵਿਚ ਤੇ ਕਈ ਦਿਮਾਗ਼ਾਂ ਨੂੰ ਦਿਲਾਂ ਵਿਚ ਰੱਖਦੇ ਹਨ।

-618-

ਕਾਨੂੰਨ ਗ਼ਰੀਬਾਂ 'ਤੇ ਹੀ ਰਾਜ ਕਰਦਾ ਹੈ, ਪਰ ਅਮੀਰ ਕਾਨੂੰਨ 'ਤੇ ਵੀ ਰਾਜ ਕਰਦੇ ਰਹਿੰਦੇ ਹਨ।

-619-

ਤੁਸੀਂ ਆਪਣੇ ਦੁਸ਼ਮਨਾਂ ਦਾ ਖ਼ਿਆਲ ਰੱਖੋ, ਕਿਉਂਕਿ ਉਨ੍ਹਾਂ ਸਭ ਤੋਂ ਪਹਿਲੇ ਤੁਹਾਡੇ ਔਗੁਣ ਹੀ ਵੇਖਣੇ ਹਨ।

-620-

ਫ਼ੈਸ਼ਨ, ਕੁਦਰਤੀ ਸ਼ਾਨ ਦੀ ਬੇਇੱਜ਼ਤੀ ਕਰਨ ਲਈ ਸ਼ੈਤਾਨ ਦੇ ਦਿਮਾਗ਼ ਦੀ ਘਾੜਤ ਹੈ।

-621-

ਆਪਣੇ ਰੱਬ ਨਾਲ, ਆਪਣੇ ਵਤਨ ਅਤੇ ਆਪਣੇ ਮਿੱਤਰਾਂ ਨਾਲ ਸੱਚੇ ਰਹੋ, ਤੁਹਾਨੂੰ ਕਦੀ ਵੀ ਝੂਠਿਆਂ ਨਹੀਂ ਪੈਣਾ ਪਵੇਗਾ।

-622-

ਸਚਾਈ ਸਭ ਰੋਗਾਂ ਦਾ ਅਜ਼ਮਾਇਆ ਇਲਾਜ ਹੈ, ਇਸ ਨਾਲ ਹਰ ਤਰ੍ਹਾਂ ਦੇ ਗੁਨਾਹ ਧੋਤੇ ਜਾ ਸਕਦੇ ਹਨ।

(ਗੁਰੂਨਾਨਕ)

-623-

ਆਮ ਤੌਰ 'ਤੇ ਕਲਾ ਦੀ ਸੰਪੂਰਨਤਾ ਕਲਾ ਨੂੰ ਵਧੇਰੇ ਗੁਪਤ ਰੱਖਣ ਵਿਚ ਹੈ।

-624-

ਮੈਂ ਜੋ ਕੁਝ ਕੀਤਾ ਹੈ ਉਸ ਨੂੰ ਯਾਦ ਕਰ ਕੇ ਘਬਰਾ ਉੱਠਦਾ ਹਾਂ, ਉਸ ਨੂੰ ਦੁਬਾਰਾ ਚੇਤੇ ਕਰਨ ਦੀ ਵੀ ਦਲੇਰੀ ਨਹੀਂ ਕਰ ਸਕਦਾ।

-625-

ਮੈਂ ਕਈ ਵੇਰ ਸੋਚਦਾ ਹਾਂ ਕਿ ਕੀ ਅੱਜਕੱਲ੍ਹ ਦੇ ਵਪਾਰ, ਸਿਆਸਤ ਤੇ ਬੇਈਮਾਨੀ ਵਿਚ ਕੁਛ ਫ਼ਰਕ ਲੱਭਿਆ ਜਾ ਸਕਦਾ ਹੈ ਜਾਂ ਨਹੀਂ।

-626-

ਕੋਵੀ ਵੀ ਆਦਮੀ ਆਪਣੀ ਖ਼ੁਸ਼ੀ ਗ਼ਮੀ ਸਮੇਂ, ਦਿਖਾਵਾ ਨਹੀਂ ਕਰ ਸਕਦਾ।

-627-

ਭੈੜਾ ਆਦਮੀ ਬਹੁਤ ਭੈੜਾ ਬਣ ਜਾਂਦਾ ਹੈ, ਜਦੋਂ ਉਹ ਸੰਤ ਬਣ ਕੇ ਦਿਖਾਵੇ।

-628-

ਸੁੰਦਰਤਾ ਪਰਮੇਸ਼ਰ ਦਾ ਉਹ ਸਿੱਕਾ ਹੈ, ਜੋ ਤਮਾਮ ਸਲਤਨਤਾਂ ਵਿਚ ਬਰਾਬਰ ਬੇਰੋਕ ਚੱਲਦਾ ਰਹਿੰਦਾ ਹੈ।

-629-

ਉਦਾਰ ਦਾਨੀਆਂ ਪਾਸ ਦੌਲਤ ਨਹੀਂ ਤੇ ਦੌਲਤਵੰਦ ਅਮੀਰਾਂ ਪਾਸ ਸਖੀ ਸੁਭਾ ਨਹੀਂ। (ਸ਼ੇਖ਼ ਸਾਅਦੀ)

-63●-

ਮੂਰਖ ਨੂੰ ਵੀ ਪ੍ਰਸ਼ੰਸਾ ਕਰਨ ਲਈ ਕੋਈ ਵੱਡਾ ਮੂਰਖ ਮਿਲ ਹੀ ਜਾਂਦਾ ਹੈ।

-631-

ਮੂਰਖ ਨੂੰ ਆਪਣੇ ਕੰਮਾਂ ਤੋਂ ਸਿਵਾ ਸੰਸਾਰ ਵਿਚ ਕੁਛ ਨਜ਼ਰ ਹੀ ਨਹੀਂ ਆਉਂਦਾ।

-632-

ਮੂਰਖ ਉੱਚੀ ਥਾਂ 'ਤੇ ਖਲੋਤਾ ਇਉਂ ਜਾਪਦਾ ਹੈ, ਜਿਵੇਂ ਕੋਈ ਪਹਾੜ 'ਤੇ ਚੜ੍ਹਿਆ ਹੋਵੇ। ਉਸ ਨੂੰ ਦੁਨੀਆਂ ਨਿੱਕੀ-ਨਿੱਕੀ ਲੱਗਦੀ ਹੈ ਤੇ ਉਹ ਦੁਨੀਆਂ ਨੂੰ ਛੋਟਾ-ਛੋਟਾ ਜਾਪਦਾ ਹੈ।

-633-

ਇਹ ਕਿਸੇ ਨੂੰ ਨਾ ਪੁੱਛੋ ਕਿ ਤੂੰ ਕਿਹੜੇ ਵਿਦਿਆਲੇ ਵਿਚ ਰਿਹਾ ਹੈਂ? ਇਹ ਪੁੱਛੋ ਕਿ ਕੀ ਵਿਦਿਆਲਾ ਤੇਰੇ ਵਿਚੀਂ ਲੰਘਿਆ ਹੈ?

-634-

ਐਸਾ ਸਲੂਕ ਦੂਜਿਆਂ ਨਾਲ ਕਦੀ ਨਾ ਕਰੋ, ਜੋ ਤੁਸੀਂ ਖ਼ੁਦ ਆਪਣੇ ਲਈ ਪਸੰਦ ਨਹੀਂ ਕਰਦੇ।

-635-

ਨੌਜੁਆਨ ਸਮਝਦੇ ਹਨ ਕਿ 'ਬੁੱਢੇ ਮੂਰਖ ਹਨ' ਤੇ ਬਿਰਧ ਇਹ ਖ਼ਿਆਲ ਕਰਦੇ ਹਨ ਕਿ 'ਨੌਜੁਆਨ ਪਾਗਲ ਹਨ'।

-636-

ਆਪਣੀ ਕਿਸਮਤ ਦਾ ਸਿਹਤ ਵਾਂਙ ਹੀ ਪ੍ਰਬੰਧ ਕਰਨਾ ਚਾਹੀਦਾ ਹੈ। ਚੰਗੀ ਹੈ ਤਾਂ ਅਨੰਦ ਲਓ, ਨਹੀਂ ਚੰਗੀ ਤਾਂ ਘਬਰਾਓ ਨਾ।

-637-

ਰੱਬ ਆਪਣੇ ਬੇਟੇ ਮਨੁੱਖ ਨੂੰ ਕਈ ਵੇਰ ਮਿਲਣ ਆਉਂਦਾ ਹੈ, ਪਰ ਅਸੀਂ ਆਪਣਾ ਕੁੰਡਾ ਹੀ ਨਹੀਂ ਖੋਲ੍ਹਦੇ।

-638-

ਜਨਤਾ ਦੀ ਹਕੂਮਤ, ਜਨਤਾ ਰਾਹੀਂ ਹਕੂਮਤ ਤੇ ਜਨਤਾ ਲਈ ਹਕੂਮਤ ਹੀ ਸੱਚਾ ਲੋਕ-ਰਾਜ ਹੈ। (ਲਿੰਕਨ)

-639-

ਮੈਂ ਜ਼ੋਰ ਨਾਲ ਮੁਲਕ ਫ਼ਤਹਿ ਕਰ ਸਕਦਾ ਹਾਂ, ਪਰ ਜ਼ੋਰ ਨਾਲ ਮਿੱਤਰ ਨਹੀਂ ਬਣਾ ਸਕਦਾ। (ਨਿਪੋਲੀਅਨ)

-64●-

ਜਿਸ ਕਦੀ ਕੋਈ ਨਵਾਂ ਮਿੱਤਰ ਨਹੀਂ ਬਣਾਇਆ, ਮਾਨੋ ਉਸ ਜ਼ਿੰਦਗੀ ਦਾ ਹੁਨਰ ਗੁਆ ਲਿਆ ਹੈ।

-641-

ਉਹ ਵੀ ਪ੍ਰਸੰਨ ਹੈ ਜਿਸ ਦਾ ਹਾਲਾਤ ਮੁਆਫ਼ਕ ਹੋਣ, ਪਰ ਉਹ ਪਰਮ ਪ੍ਰਸੰਨ ਹੈ, ਜੋ ਆਪਣੇ ਆਪ ਨੂੰ ਹਰ ਹਾਲਾਤ ਦੇ ਮੁਤਾਬਕ ਢਾਲ ਲੈਂਦਾ ਹੈ।

-642-

ਜੇਕਰ ਤੁਸੀਂ ਆਪ ਲੋਕਾਂ ਨੂੰ ਜਾਣਦੇ ਹੋ ਪਰ ਜਾਣੇ ਜਾਣਾ ਨਹੀਂ ਚਾਹੁੰਦੇ, ਤਾਂ ਸ਼ਹਿਰ ਵਿਚ ਹੀ ਰਹੋ।

-643-

ਜੇ ਗ਼ਰੀਬ ਨੂੰ ਸਦਾ ਰੱਜਵਾਂ ਖਾਣਾ ਨਹੀਂ ਮਿਲਦਾ, ਤਾਂ ਅਮੀਰ ਹਮੇਸ਼ਾ ਹਜ਼ਮ ਵੀ ਨਹੀਂ ਕਰ ਸਕਦਾ।

-644-

ਬੁਰਿਆਈ 'ਤੇ ਪਸ਼ਚਾਤਾਪ ਕਰ ਲੈਣਾ ਚੰਗਿਆਈ ਦਾ ਆਰੰਭ ਹੈ। (ਐਗਸਟਾਇਨ)

-645-

ਜੋ ਆਦਮੀ ਆਪਣੇ ਆਤਮਾ ਵਿੱਚੋਂ ਤਸੱਲੀ ਨਹੀਂ ਲੱਭ ਸਕਦਾ, ਉਹ ਕਿਤੋਂ ਵੀ ਤਸੱਲੀ ਨਹੀਂ ਲੱਭ ਸਕਦਾ।

-646-

ਜੇ ਤੁਸੀਂ ਪੈਸੇ ਪੈਸੇ ਦਾ ਧਿਆਨ ਰੱਖੋਗੇ, ਰੁਪਏ ਵੀ ਬਚਦੇ ਰਹਿਣਗੇ।

-647-

ਓ ਮੌਤ ! ਅਸੀਂ ਤੈਨੂੰ ਪ੍ਰਣਾਮ ਕਰਦੇ ਹਾਂ ਕਿਉਂਕਿ ਤੂੰ ਹੀ ਅੰਤ ਸਾਡੇ ਗੁਨਾਹਾਂ 'ਤੇ ਆ ਕੇ ਪੜਦਾ ਪਾਉਂਦਾ ਹੈਂ।

-648-

ਮੈਂ ਬਾਦਸ਼ਾਹ ਤਾਂ ਹਾਂ, ਮਗਰ ਮੇਰੀ ਹਕੂਮਤ ਮਨ-ਆਈਆਂ ਕਰਨ ਵਾਲੇ ਮਨ ਪਾਸ ਜਾ ਕੇ ਖ਼ਤਮ ਹੋ ਜਾਂਦੀ ਹੈ।

-649-

ਹਾਲਾਤ, ਕਮਜ਼ੋਰ ਦੇ ਹਾਕਮ ਤੇ ਤਾਕਤਵਰ ਦੇ ਆਪਣੇ ਨਿੱਜੀ ਨੌਕਰ ਹੁੰਦੇ ਹਨ।

-650-

ਜੋ ਜ਼ਿੰਦਗੀ ਸਾਨੂੰ ਦਿੱਤੀ ਗਈ ਹੈ, ਅਸੀਂ ਇਸ ਨੂੰ ਦੇ ਕੇ ਹੀ ਇਸ ਦੇ ਅਧਿਕਾਰੀ ਹੋ ਸਕਦੇ ਹਾਂ।

-651-

ਤਾਲੀਮ ਦਾ ਅਰਥ ਇਹ ਨਹੀਂ ਕਿ ਜੋ ਤੁਸੀਂ ਨਹੀਂ ਜਾਣਦੇ, ਉਹ ਕੁਝ ਤੁਹਾਨੂੰ ਆ ਜਾਵੇ। ਤਾਲੀਮ ਦਾ ਅਸਲ ਮਤਲਬ ਇਹ ਹੈ ਕਿ ਤੁਹਾਨੂੰ ਜਿਸ ਕਿਸਮ ਦੀ ਰਹਿਣੀ-ਬਹਿਣੀ ਦੀ ਜਾਚ ਨਹੀਂ, ਉਹ ਸਿੱਖ ਜਾਵੋ। (ਰਸਕਨ)

-652-

ਵਰਤਮਾਨ ਵਿਦਿਆ ਉਂਗਲੀਆਂ ਨੂੰ ਤਾਂ ਮੁੰਦ੍ਰੀਆਂ ਪਹਿਨਾਉਂਦੀ ਹੈ, ਮਗਰ ਹੱਥਾਂ ਨੂੰ ਕਲਾਈ ਤੋਂ ਕੱਟ ਰਹੀ ਹੈ।

-653-

ਕਿਸੇ ਬੱਚੇ ਨੂੰ 'ਬਾਬੂ' ਬਣਨ ਦਾ ਉਪਦੇਸ਼ ਨਾ ਦਿਓ, ਮਿਹਨਤੀ ਤੇ ਲਾਇਕ ਬਣਨ ਦੀ ਚਾਜ ਸਮਝਾਓ।

-654-

ਜੋ ਆਦਮੀ ਆਪਣੇ ਬੱਚੇ ਨੂੰ ਕੁਛ ਨਹੀਂ ਸਿਖਾ ਰਿਹਾ, ਉਹ ਉਸ ਨੂੰ ਖ਼ੁਦ ਚੋਰ ਬਣਾ ਰਿਹਾ ਹੈ।

-655-

ਸ਼ੈਤਾਨ ਹਮੇਸ਼ਾ ਇਸ ਤਾਕ ਵਿਚ ਰਹਿੰਦਾ ਹੈ ਕਿ ਕੌਣ ਵੇਹਲਾ ਹੈ, ਉਹ ਫ਼ੌਰਨ ਉਸ ਨੂੰ ਬਾਂਹੋਂ ਫੜ ਕੇ ਆਪਣੇ ਕਾਰਖ਼ਾਨੇ ਵਿਚ ਲੈ ਆਉਂਦਾ ਹੈ।

-656-

ਕੀ ਤੁਹਾਡੇ ਸੌ ਮਿੱਤਰ ਹਨ? ਇਹ ਕਾਫ਼ੀ ਨਹੀਂ। ਕੀ ਦੁਸ਼ਮਨ ਇਕ ਵੀ ਹੈ? ਇਹ ਇਕ ਵੀ ਬਹੁਤ ਜ਼ਿਆਦਾ ਹੈ।

-657-

ਸਾਡੀ ਸ਼ਾਨ ਇਸ ਵਿਚ ਨਹੀਂ ਕਿ ਸੰਕਟਾਂ ਵਿਚ ਨਾ ਪਈਏ, ਸਗੋਂ ਡਿੱਗ ਡਿੱਗ ਕੇ ਉੱਠਣ ਤੇ ਅਗਾਂਹ ਵਧਣ ਵਿਚ ਹੈ।

-658-

ਸਿਆਣਾ ਆਦਮੀ ਦੂਜੇ ਦੀਆਂ ਗ਼ਲਤੀਆਂ ਵੇਖ ਕੇ ਆਪਣੀਆਂ ਉਕਾਈਆਂ ਦਰੁਸਤ ਕਰਨੀਆਂ ਸ਼ੁਰੂ ਕਰ ਦਿੰਦਾ ਹੈ।

-659-

ਜ਼ਿੰਦਗੀ ਵਿਚ ਬਦੀ ਦੀ ਨੇਕੀ ਜਿਤਨੀ ਹੀ ਲੋੜ ਹੈ, ਤੁਸੀਂ ਇਸ ਬਿਨਾਂ ਤਕੜੇ ਨਹੀਂ ਹੋ ਸਕਦੇ

-66●-

ਜਨਮ ਮਰਨ ਦਾ ਦੁਖ ਕੀ ਹੋਣਾ ਸੀ, ਜਨਮ ਸਮੇਂ ਮਾਂ ਨੂੰ ਪੀੜ ਹੁੰਦੀ ਹੈ ਮੌਤ ਸਮੇਂ ਸੰਬੰਧੀਆਂ ਨੂੰ, ਸਾਡਾ ਅਸਲ ਸੰਕਟ-ਕਾਲ ਤਾਂ ਦਰਮਿਆਨ ਦਾ ਸਮਾਂ ਹੀ ਹੈ।

-661-

ਮੂਰਖ ਦਾ ਚੋਲਾ ਭਾਵੇਂ ਸੁਨਹਿਰੀ ਤਿੱਲਿਆਂ ਨਾਲ ਵੀ ਕਿਉਂ ਨਾ ਮੜ੍ਹਿਆ ਹੋਵੇ, ਆਖ਼ਰ ਉਹ ਮੂਰਖ ਦਾ ਚੋਲਾ ਹੀ ਹੈ।

-662-

ਬਹੁਤੇ ਆਦਮੀ ਇਸਤਰੀਆਂ ਵਿਚ ਉਹ ਕੁਝ ਲੱਭਦੇ ਹਨ, ਜਿਸ ਦੀ ਉਨ੍ਹਾਂ ਦੇ ਆਪਣੇ ਆਚਰਣ ਵਿਚ ਅਣਹੋਂਦ ਹੁੰਦੀ ਹੈ। (ਫ਼ੀਲਡਿੰਗ)

-663-

ਅਗਰ ਤੁਹਾਨੂੰ ਖ਼ਿਆਲ ਹੈ ਕਿ ਮੌਤ ਦੋਸਤ ਹੈ, ਚਾਹ ਕੇ ਮਿਲੋ। ਜੇ ਇਹ ਖ਼ਿਆਲ ਹੈ ਕਿ ਇਹ ਦੁਸ਼ਮਨ ਹੈ ਤਾਂ ਇਸ ਦੀ ਛਾਤੀ 'ਤੇ ਚੜ੍ਹੋ। ਇਹ ਕੋਈ ਪ੍ਰਦੇਸਣ ਨਹੀਂ, ਤੁਹਾਨੂੰ ਇਸ ਨੂੰ ਮਿਲਣਾ ਹੀ ਪਵੇਗਾ।

-664-

ਸਿੱਧੀ ਗੱਲ ਨੂੰ ਵੀ ਜੇ ਕੋਈ ਪੁੱਠੀ ਸਮਝੇ, ਤਾਂ ਫਿਰ ਇਸ ਲਈ ਸਬਰ ਸੰਤੋਖ ਤੇ ਸਹਿਨਸ਼ੀਲਤਾ ਦੀ ਲੋੜ ਹੈ।

-665-

ਉਤਨੇ ਚਿਰ ਵਿਚ ਖ਼ੁਦਾ ਦਾ ਘਰ ਨਹੀਂ ਬਣਦਾ, ਜਿਤਨੇ ਸਮੇਂ ਵਿਚ ਸ਼ੈਤਾਨ ਆਪਣੇ ਮਹੱਲ ਉਸਰਵਾ ਲੈਂਦਾ ਹੈ।

-666-

ਕਵੀ ਨੂੰ ਪ੍ਰੇਰਨਾ ਲੈਣ ਲਈ ਦੂਰ ਜਾਣ ਦੀ ਲੋੜ ਨਹੀਂ, ਉਸ ਨੂੰ ਤਾਂ ਇਕ ਮਾਮੂਲੀ ਘਾਹ ਦਾ ਤਿਣਕਾ ਵੀ ਪ੍ਰੇਰਨਾ ਦੇ ਸਕਦਾ ਹੈ। (ਵਾਲਟ ਵਿਟਮੈਨ)

-667-

ਅਗਰ ਤੁਹਾਡੇ ਪਾਸ ਯਕੀਨੀ ਵੀਚਾਰ ਹਨ, ਮੈਨੂੰ ਦਿਓ, ਸ਼ੰਕੇ ਸੰਦੇਹ ਤਾਂ ਮੇਰੇ ਪਾਸ ਅੱਗੇ ਹੀ ਕਾਫ਼ੀ ਹਨ।

-668-

ਹਰ ਨਵੀਂ ਕਲੀ ਖਿੜ ਕੇ ਆਵਾਜ਼ ਦੇਂਦੀ ਹੈ, 'ਪਿਆਰੇ ਸੰਸਾਰ ! ਮੁਰਝਾ ਨਾ ਜਾਣਾ। (ਟੈਗੋਰ)

-669-

ਹਰ ਪ੍ਰਭਾਤ ਦੁਨੀਆਂ ਨੂੰ ਸੋਨਾ ਵੰਡਦੀ ਹੈ, ਉੱਠੋ ! ਸੁੱਤੇ ਰਹੇ ਤਾਂ ਗ਼ਰੀਬ ਰਹਿ ਜਾਓਗੇ।

-67●-

ਮੈਂ ਕਿਸ ਚੀਜ਼ ਨੂੰ ਪਕੜਾਂ, ਜਦੋਂ ਵੀ ਉਸ ਚੀਜ਼ ਨੂੰ ਫਿਰ ਵੇਖਦਾ ਹਾਂ, ਉਹ ਬਦਲ ਗਈ ਹੁੰਦੀ ਹੈ।

-671-

ਰੂਹਾਨੀ ਸੋਚ ਨੇ ਸਾਨੂੰ ਇਸ ਧਰਤੀ 'ਤੇ ਰੋਕ ਛੱਡਿਆ ਹੈ ਤੇ ਅਗਲਾ ਜੀਵਨ-ਦ੍ਰਿਸ਼ ਸਾਥੋਂ ਛੁਪਾਇਆ ਹੋਇਆ ਹੈ। ਜੇ ਸਾਨੂੰ ਅਗਲਾ ਕਿਨਾਰਾ ਸਾਫ਼ ਦਿੱਸਦਾ ਹੋਵੇ, ਫਿਰ ਅਸੀਂ ਇਸ ਕੰਢੇ 'ਤੇ ਕਿਵੇਂ ਠਹਿਰਣਾ ਚਾਹਾਂਗੇ। (ਸਟੀਲ)

-672-

ਜੇ ਤੁਸੀਂ ਕੁਝ ਕਰ ਸਕਦੇ ਹੋ, ਤਾਂ ਤੁਸੀਂ ਜ਼ਰੂਰ ਕੁਝ ਨਾ ਕੁਝ ਹੋ। (ਗੋਇਟੇ)

-673-

'ਮੈਨੂੰ ਲੋਕ ਕੀ ਕਹਿਣਗੇ' ਇਹ ਮਾਮੂਲੀ ਗੱਲ ਮ। 'ਮੈਨੂੰ ਮੇਰੀ ਜ਼ਮੀਰ ਕੀ ਕਹੇਗੀ', ਇਹ ਬਹੁਤ ਵੱਡੀ ਗੱਲ ਹੈ।

-674-

ਸਰੀਰਕ ਬੀਮਾਰੀਆਂ ਸਾਡੀਆਂ ਆਪਣੀਆਂ ਗ਼ਲਤੀਆਂ ਦੀਆਂ ਹੀ ਸਜ਼ਾਵਾਂ ਹੁੰਦੀਆਂ ਹਨ।

-675-

ਜੇਕਰ ਮੈਂ ਆਪਣੇ ਆਚਰਣ ਵੱਲ ਧਿਆਨ ਦੇਈ ਰੱਖਾਂਗਾ, ਤਾਂ ਵਡਿਆਈ ਜ਼ਰੂਰ ਮੇਰਾ ਧਿਆਨ ਰੱਖੇਗੀ।

-676-

ਮੈਨੂੰ ਉਹ ਆਦਮੀ ਕੰਮ ਕਰਨ ਲਈ ਦਿਓ, ਜੋ ਖ਼ੁਸ਼ੀ ਵਿਚ ਮਸਤ ਹੋ ਕੇ ਨਾਲ ਨਾਲ ਗਾਉਂਦਾ ਵੀ ਰਹੇ।

-677-

ਬਚਪਨ ਮਾਨਵਤਾ ਦੀ ਪ੍ਰਭਾਵ ਹੈ, ਜਿਸ ਦਾ ਚਿਹਰਾ ਊਸ਼ਾ ਦੀ ਲਾਲੀ ਵਾਂਗ ਸਦਾ ਚਮਕਦਾ ਰਹਿੰਦਾ ਹੈ।

-678-

ਕਵਿਤਾ ਤਾਂ ਮੇਰੇ ਵਰਗੇ ਦੀਵਾਨੇ ਵੀ ਬਣਾ ਲੈਂਦੇ ਹਨ, ਪ੍ਰੰਤੂ ਰਹੇ-ਭਰੇ ਬੂਟੇ ਰੱਬ ਹੀ ਸਾਜ ਸਕਦਾ ਹੈ।

-679-

ਹਰ ਬੱਚਾ ਰੱਬ ਦਾ ਨਵਾਂ ਨਵਾਂ ਖ਼ਿਆਲ ਹੁੰਦਾ ਹੈ, ਜੋ ਦੁਨੀਆਂ ਨੂੰ ਨਵੀਂ ਸਕੀਮ ਦੇਂਦਾ ਹੈ।

-68●-

ਨਿੱਕੇ ਬੱਚੇ ਰੱਬ ਦੇ ਇਉਂ ਹੀ ਨੇੜੇ ਹੁੰਦੇ ਹਨ, ਜਿਵੇਂ ਨਿੱਕਾ ਨਿੱਕਾ ਘਾਹ ਧਰਤੀ ਮਾਤਾ ਦੀ ਕੁੱਛੜ ਵਿਚ ਖੇਡਦਾ ਪਲਦਾ ਹੈ।

-681-

ਮਿੱਤਰ ਬਣਾਉਣ ਸਮੇਂ ਆਹਿਸਤਗੀ ਤੋਂ ਕੰਮ ਲਵੋ, ਬਣਾ ਕੇ ਫਿਰ ਦ੍ਰਿੜਤਾ ਤੇ ਧੀਰਜ ਨਾਲ ਉਸ ਨੂੰ ਜਾਰੀ ਰੱਖੋ।

-682-

ਉਸ ਨਾਲ ਮਿੱਤਰਤਾ ਪਾਉਣ ਦਾ ਕੀ ਲਾਭ ਹੈ, ਜੋ ਤੁਹਾਡੇ ਤੋਂ ਕੁਝ ਕੁ ਵੀ ਅੱਛਾ ਨਹੀਂ। (ਕਨਫ਼ਯੂਸ਼ਸ)

-683-

ਵਰਤਮਾਨ ਸਾਨੂੰ ਕਦੀ ਵੀ ਤਸੱਲੀ ਨਹੀਂ ਦੇ ਸਕਦਾ, ਸਾਡੀਆਂ ਨਜ਼ਰਾਂ ਸਦਾ ਭਵਿੱਖਤ ਵੱਲ ਹੀ ਲੱਗੀਆਂ ਰਹਿੰਦੀਆਂ ਹਨ। ਪਰ ਭਵਿੱਖਤ, ਵਰਤਮਾਨ ਹੋ ਜਾਂਦਾ ਹੈ।

-684-

ਅਸੀਂ ਜੀਉਂ ਨਹੀਂ ਰਹੇ, ਜੀਉਣ ਦੀ ਆਸ ਵਿਚ ਹੀ ਉਦਾਸੇ ਉਦਾਸੇ ਫਿਰਦੇ ਰਹਿੰਦੇ ਹਾਂ।

-685-

ਮੇਰੇ ਕੰਨ ਸਮੁੰਦਰੀ ਗਰਜ ਵਾਂਗ ਗਰਜਦੀ ਇਸ ਸਚਾਈ ਨਾਲ ਭਰਪੂਰ ਹੋ ਰਹੇ ਹਨ, 'ਤੂੰ ਹਮੇਸ਼ਾ ਜੀਉਣ ਵਾਲਾ ਹੈਂ'।

-686-

ਆਚਰਣ ਮਜ਼ਬੂਤ ਹੀਰੇ ਵਾਂਗ ਹੈ, ਜਿਸ ਨੂੰ ਹਰ ਪੱਥਰ ਨਾਲ ਟਕਰਾਇਆ ਜਾ ਸਕਦਾ ਹੈ ਮਗਰ ਉਹ ਟੁੱਟੇਗਾ ਨਹੀਂ।

-687-

ਸੰਸਾਰ ਇਕ ਅਜਿਹੀ ਕਿਤਾਬ ਦਾ ਖਰੜਾ ਹੈ, ਜਿਸ ਦੇ ਪਹਿਲੇ ਪੱਤਰੇ ਗੁੰਮ ਹਨ ਤੇ ਆਖ਼ਰੀ ਪੰਨਿਆਂ ਦਾ ਉੱਜ ਪਤਾ ਨਹੀਂ ਲੱਗਦਾ।

-688-

ਦੁਸ਼ਮਨ ਦੇ ਵਿਰੁੱਧ ਡੱਟਣਾ ਬਹਾਦਰੀ ਹੈ, ਪਰ ਆਪਣੇ ਮਨ ਵਿਰੁੱਧ ਲੜਨਾ ਬਹੁਤ ਵੱਡੀ ਬੀਰਤਾ ਹੈ।

-689-

ਤੁਸੀਂ ਆਪਣੇ ਵਿੱਤ ਮੁਤਾਬਕ ਦਿਓ, ਰੱਬ ਤੁਹਾਨੂੰ ਆਪਣੇ ਵਿੱਤ ਅਨੁਸਾਰ ਦੇਵੇਗਾ।

-690-

ਡਰ ਉਹ ਟੈਕਸ ਹੈ, ਜੋ ਸਾਡੀ ਜ਼ਮੀਰ ਗੁਨਾਹ ਲਈ ਸਦਾ ਭਰਦੀ ਰਹਿੰਦੀ ਹੈ।

-691-

ਦੋਸਤੀ ਸੁਗ਼ਾਤਾਂ ਦੇ ਦੇ ਕੇ ਕਾਇਮ ਨਾ ਕਰੋ, ਜਦੋਂ ਬੰਦ ਕਰ ਦਿਓਗੇ, ਇਹ ਕੜੱਕ ਕਰ ਕੇ ਟੁੱਟ ਜਾਏਗੀ।

-692-

ਜੀਵਨ ਦੀ ਹੋਂਦ ਦਾ ਸਭ ਤੋਂ ਉੱਚਾ ਮਨੋਰਥ ਇਹ ਹੈ ਕਿ ਪਿਆਰ ਕਰੀਏ ਤੇ ਕਰਾਈਏ।

-693-

ਜੇ ਗ਼ੁਲਾਮੀ ਗ਼ਲਤ ਗੱਲ ਨਹੀਂ ਤਾਂ ਹੋਰ ਕੁਝ ਵੀ ਸੰਸਾਰ ਵਿਚ ਗ਼ਲਤ ਨਹੀਂ ਹੋ ਸਕਦਾ। (ਲਿੰਕਨ)

-694-

ਓ ਬੋਲਣ ਵਾਲੇ ! ਮੰਦਾ ਬਚਨ ਨਾ ਬੋਲ, ਕਿਉਂਕਿ ਇਹ ਦੌਲਤ ਜਿਸ ਨੂੰ ਵੀ ਦੇਵੇਂਗਾ, ਉਹੋ ਇਸ ਨੂੰ ਦੇਣ ਵਾਲੇ ਵੱਲ ਹੀ ਮੋੜ ਦੇਵੇਗਾ।

-695-

ਸੰਸਾਰ ਦਾ ਬਹੁਤਾ ਇਤਿਹਾਸ ਮਨੁੱਖਾਂ ਦੀ ਰੋਟੀ ਪਾਣੀ ਲਈ ਕੀਤੀ ਜੱਦੋ-ਜਹਿਦ ਦਾ ਰੀਕਾਰਡ ਹੈ ਤੇ ਕੁਝ ਕੁਝ ਹੋਰ ਵੀ।

-696-

'ਬਾਣੀਏ ! ਤੂੰ ਪਾਣੀ ਤਾਂ ਪੁਣ ਕੇ ਪੀਂਦਾ ਹੈਂ ਪ੍ਰੰਤੂਮਨੁੱਖਾਂ ਦਾ ਲਹੂਅਣਪੁਣਿਆ ਹੀ ਪੀਈ ਜਾਂਦਾ ਹੈਂ। (ਰਾਜਸਥਾਨੀ ਅਖੌਤ)

-697-

ਰੱਬ ਇਕ ਅਜਿਹਾ ਦਾਇਰਾ ਹੈ ਜਿਸ ਦਾ ਕੇਂਦਰ ਹਰ ਥਾਂ ਹੈ, ਪਰ ਇਸ ਦੀ ਹੱਦ ਕਿਤੇ ਵੀ ਨਹੀਂ।'

-698-

ਮਨੁੱਖ ਮੇਹਨਤ ਨਾਲ ਜੋ ਚਾਹੇ ਹੋ ਸਕਦਾ ਹੈ, ਪਰ ਕਵੀ ਨਹੀਂ ਬਣ ਸਕਦਾ।

-699-

ਸੰਸਾਰ ਦੀ ਚਾਲ ਕਾਨੂੰਨ ਬਣਾਉਂਦਾ ਹੈ, ਪਰ ਲੋਕੀਂ ਆਮ ਤੌਰ 'ਤੇ ਚੱਲਦੇ ਰਸਮਾਂ-ਰੀਤਾਂ ਅਨੁਸਾਰ ਹੀ ਹਨ।

-700-

ਸੂਰਜ ਦੀ ਕਿਤਨੀ ਮੇਹਰਬਾਨੀ ਹੈ ਕਿ ਉਹ ਜਾਗਣ ਸਾਰ ਮੁਰਝਾਏ ਫੁੱਲਾਂ ਨੂੰ ਖਿੜਾਉਣ ਲਈ ਨੱਸਾ ਨੱਸਾ ਆਉਂਦਾ ਹੈ।

-7●1-

ਇਕ ਸਿਆਣਾ ਆਦਮੀ ਬੇਸਮਝਾਂ ਵਿਚ ਇਉਂ ਹੀ ਹੁੰਦਾ ਹੈ, ਜਿਵੇਂ ਅੰਨ੍ਹਿਆਂ ਵਿਚ ਇਕ ਰੂਪਵਤੀ ਸੁੰਦਰੀ।
(ਸ਼ੇਖ਼ ਸਾਅਦੀ)

-7●2-

ਆਲਸੀ ਹੋਣਾ ਦਰ ਖੁੱਲ੍ਹਾ ਛੱਡ ਕੇ ਸੌਂ ਜਾਣ ਵਾਂਗ ਹੈ ਕਿ ਕੋਈ ਵੀ ਬਦੀ ਕਿਤੋਂ ਕਿਸੇ ਵੇਲੇ ਜਾ ਜਾਵੇ।

-7●3-

ਕਈ ਵੇਰ ਪੁਰਾਣੇ ਯੁੱਗ ਦੀ ਮੰਨੀ-ਪ੍ਰਮੰਨੀ ਸਿਆਣਪ, ਨਵੇਂ ਯੁੱਗ ਵਿਚ ਬੇਸਮਝੀ ਵਰਗੀ ਸਮਝੀ ਜਾਣ ਲੱਗ ਪੈਂਦੀ ਹੈ।

-7●4-

ਹਰ ਨਵਾਂ ਜਨਮਿਆ ਬੱਚਾ ਸੰਸਾਰ ਵਿਚ ਇਹ ਸੰਦੇਸ਼ ਲੈ ਕੇ ਆਉਂਦਾ ਹੈ ਕਿ ਰੱਬ ਅਜੇ ਸ੍ਰਿਸ਼ਟੀ ਰਚਨਾ ਤੋਂ ਅੱਕਿਆ ਨਹੀਂ। (ਟੈਗੋਰ)

-7●5-

ਝੂਠ ਉਹ ਹਥਿਆਰ ਹੈ, ਜਿਸ ਨਾਲ ਝੂਠ ਕਹਿਣ ਤੇ ਸੁਣਨ ਵਾਲਾ ਦੋਵੇਂ ਜ਼ਖ਼ਮੀ ਹੋ ਜਾਂਦੇ ਹਨ।

-7●6-

ਲੋਕੀਂ ਗੱਲਾਂ ਇਹੋ ਜਿਹੀਆਂ ਕਰਦੇ ਹਨ, ਜਿਵੇਂ ਉਨ੍ਹਾਂ ਨੂੰ ਰੱਬ ਵਿਚ ਪੂਰਨ ਵਿਸ਼ਵਾਸ ਹੁੰਦਾ ਹੈ, ਪਰ ਜ਼ਿੰਦਗੀ ਇਸ ਤਰ੍ਹਾਂ ਬਸਰ ਕਰਦੇ ਹਨ ਜਿਵੇਂ ਰੱਬ ਕਿਤੇ ਹੁੰਦਾ ਹੀ ਨਹੀਂ।

-7●7-

ਕਲਾਕਾਰ, ਜਿਸ ਤਰ੍ਹਾਂ ਦੀਆਂ ਚੀਜ਼ਾਂ ਹੁੰਦੀਆਂ ਹਨ, ਉਨ੍ਹਾਂ ਨੂੰ ਉਸ ਤਰ੍ਹਾਂ ਨਹੀ ਵੇਖਦਾ, ਬਲਕਿ ਉਹ ਉਨ੍ਹਾਂ ਨੂੰ ਉਸ ਤਰ੍ਹਾਂ ਵੇਖਦਾ ਹੈ ਜਿਸ ਤਰ੍ਹਾਂ ਦਾ ਉਹ ਆਪ ਹੁੰਦਾ ਹੈ। (ਅਲਫ਼ਰੈਡ ਟਾਨੇਲ)

-7●8-

ਕਾਨੂੰਨ ਤਾਂ ਮੱਕੜੀ ਦੇ ਜਾਲੇ ਵਾਂਗ ਹੈ, ਜਿਸ ਵਿਚ ਨਿੱਕੇ ਨਿੱਕੇ ਜੀਅ ਤਾਂ ਫਸ ਕੇ ਜਾਨ ਦੇ ਦਿੰਦੇ ਹਨ ਪਰ ਵੱਡੇ ਜੀਵ ਇਸ ਨੂੰ ਤੋੜ ਦਿੰਦੇ ਹਨ।

-7●9-

ਸੂਰਜ ਜੇਬੇ ਵਿਚ ਪਾ ਕੇ ਰੱਖਣ ਵਾਲੀ ਚੀਜ਼ ਨਹੀਂ, ਉਸ ਦੀ ਰੌਸ਼ਨੀ ਵਿਚ ਤਾਂ ਅਸੀਂ ਕੁਝ ਲੱਭਣਾ ਹੈ।

-71●-

ਜੋ ਬਹੁਤੇ ਕੰਮ ਆਰੰਭ ਲੈਂਦਾ ਹੈ, ਉਹ ਕੋਈ ਵੀ ਕਦੀ ਪੂਰਾ ਨਹੀਂ ਕਰ ਸਕਦਾ।

-711-

ਜਿਵੇਂ ਬੀਮਾਰ ਨੂੰ ਚੰਗੀ ਖ਼ੁਰਾਕ ਵੀ ਨਹੀਂ ਭਾਉਂਦੀ, ਤਿਵੇਂ ਬੁਰੇ ਆਦਮੀ ਨੂੰ ਨੇਕੀ ਦੀ ਗੱਲ ਚੰਗੀ ਨਹੀਂ ਲੱਗਦੀ।

-712-

ਜੋ ਕਰੋਧ ਦੀ ਅੱਗ ਤੁਸੀਂ ਦੋਸਤਾਂ ਨੂੰ ਜਲਾਉਂਣ ਲਈ ਬਾਲਦੇ ਹੋ, ਉਸ ਦਾ ਸੇਕ ਸਭ ਤੋਂ ਵੱਧ ਤੁਹਾਨੂੰ ਹੀ ਲੱਗੇਗਾ।

-713-

ਬਾਉਣੇ ਨੂੰ ਪਹਾੜ 'ਤੇ ਖੜਾ ਕਰ ਦਿਓ, ਉਹ ਉਤਨਾ ਹੀ ਰਹੇਗਾ। ਮੁਨਾਰਾ ਖ਼ੂਹ ਵਿਚ ਸੁੱਟ ਦਿਓ, ਉਸ ਦੇ ਕੱਦ ਵਿਚ ਫ਼ਰਕ ਨਹੀਂ ਪਵੇਗਾ।

-714-

ਦੁਨੀਆਂ ਵਿਚ ਅਜੇਹੇ ਕੁਝ ਹੀ ਆਦਮੀ ਹਨ, ਜਿਨ੍ਹਾਂ ਦੀ ਨੌਕਰ ਵੀ ਸ਼ਲਾਘਾ ਕਰਦੇ ਹੋਣ।

-715-

ਸੰਸਾਰ ਦੇ ਸਭ ਤੋਂ ਮਧੁਰ ਗੀਤ ਉਹ ਹਨ, ਜਿਨ੍ਹਾਂ ਵਿਚ ਸਭ ਤੋਂ ਵਧੀਕ ਗ਼ਮ ਵਰਣਿਆ ਗਿਆ ਹੈ।

-716-

ਕਾਬਲੀਅਤ ਜਾਂ ਯੋਗਤਾ ਹੀ ਗ਼ਰੀਬ ਆਦਮੀ ਦੀ ਸਾਰੀ ਦੌਲਤ ਹੈ।

-717-

ਕਲਾਕਾਰ ਬਣਨ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਤੁਹਾਨੂੰ ਜੀਵਨ ਦੇ ਵਰਤੋਂ-ਵਿਹਾਰ ਵਿਚ ਕੁਝ ਛੋਟ ਦਿੱਤੀ ਗਈ ਹੈ।

-718-

ਦੁਨੀਆਂ ਇਤਨੀ ਅਮੀਰ ਨਹੀਂ ਕਿ ਉਹ ਈਮਾਨਦਾਰ ਆਦਮੀ ਦੀ ਵੋਟ ਖ਼ਰੀਦ ਸਕੇ।

-719-

ਚੰਗੇ ਕੰਮ ਭਾਵੇਂ ਸਾਡੇ ਆਪਣੇ ਹੁੰਦੇ ਹਨ, ਪਰ ਉਨ੍ਹਾਂ ਦਾ ਸਿੱਧਾ ਸੰਬੰਧ ਰੱਬ ਨਾਲ ਹੁੰਦਾ ਹੈ।

-72●-

ਕਈ ਆਦਮੀਆਂ ਦੇ ਜੀਵਨ ਵੱਲ ਸ਼ਾਇਦ ਅਸੀਂ ਖਿੱਚੇ ਹੀ ਨਾ ਜਾਂਦੇ, ਲੇਕਿਨ ਕੁਰਬਾਨੀ ਨੇ ਉਨ੍ਹਾਂ ਨੂੰ ਬਿਜਲੀ ਵਾਂਗ ਲਿਸ਼ਕ ਦਿੱਤਾ।

-721-

ਕਈ ਆਦਮੀਆਂ ਦੇ ਜੀਵਨ ਵੱਲ ਸ਼ਾਇਦ ਅਸੀਂ ਖਿੱਚੇ ਹੀ ਨਾ ਜਾਂਦੇ, ਲੇਕਿਨ ਕੁਰਬਾਨੀ ਨੇ ਉਨ੍ਹਾਂ ਨੂੰ ਬਿਜਲੀ ਵਾਂਗ ਲਿਸ਼ਕਾ ਦਿੱਤਾ।

-722-

ਬੁੱਢੇ ਹੋਣ ਨਾਲ ਜਾਂ ਤਾਂ ਬਹੁਤ ਸਿਆਣਪ ਵਧਦੀ ਹੈ ਜਾਂ ਬਹੁਤ ਮੂਰਖਤਾ।

-723-

ਦਲੇਰੀ ਦਾ ਭਾਵ ਹਰ ਥਾਂ ਕਿਸੇ ਨਾਲ ਪੰਗਾ ਲੈਣਾ ਨਹੀਂ, ਸਗੋਂ ਹਰ ਔਕੜ, ਦਾ ਦ੍ਰਿੜ੍ਹਤਾ ਨਾਲ ਟਾਕਰਾ ਕਰਨਾ ਹੈ।

-724-

ਜਦੋਂ ਅਸੀਂ ਕਿਸੇ ਨਾਲ ਹਮਦਰਦੀ ਵੀ ਨਾ ਕਰ ਸਕੀਏ, ਸਮਝਣਾ ਚਾਹੀਦਾ ਹੈ ਕਿ ਦੁਨੀਆਂ ਵਿੱਚੋਂ ਸਾਡਾ ਕੰਮ ਮੁੱਕ ਗਿਆ ਹੈ, ਇਥੇ ਸਾਡੀ ਲੋੜ ਨਹੀਂ।

-725-

ਕਿਸਾਨ ਤਮਾਮ ਤਹਿਜ਼ੀਬਾਂ ਦਾ ਪਿਉ ਹੈ, ਹਰ ਚੀਜ਼ ਉਸ ਦੇ ਹੱਲ ਦੀ ਛੇੜ-ਛਾੜ ਦਾ ਕ੍ਰਿਸ਼ਮਾ ਹੈ।

-726-

ਹਕੂਮਤ ਤਾਂ ਤੁਸੀਂ ਬੜੀ ਲੰਮੀ ਚੌੜੀ ਧਰਤੀ 'ਤੇ ਕਰ ਸਕਦੇ ਹੋ, ਪਰ ਹਰਿਆਵਲ ਥੋੜ੍ਹੀ ਧਰਤੀ ਵਿਚ ਹੀ ਪੈਦਾ ਕੀਤੀ ਜਾ ਸਕਦੀ ਹੈ।

-727-

ਗੁਨਾਹ ਤੋਂ ਉਹੋ ਮਨੁੱਖ ਬਚ ਸਕਦਾ ਹੈ। ਜਿਸ ਨੂੰ ਇਹ ਖ਼ਿਆਲ ਹੋਵੇ ਕਿ ਉਸ ਦਾ ਰੱਬ ਹਰ ਥਾਂ ਵੇਖ ਰਿਹਾ ਹੈ।

-728-

ਜਿਤਨਾ ਸਾਨੂੰ ਪਹਿਲੇ ਖ਼ਿਆਲ ਹੁੰਦਾ ਹੈ ਕਿ ਖ਼ੁਸ਼ੀਆਂ ਬਹੁਤ ਸੁਨਹਿਰੀ ਤੇ ਦੁਖ ਬਹੁਤ ਹਾਨੀਕਾਰਨ ਹੋਣਗੇ, ਉਤਨੇ ਉਹ ਹੁੰਦੇ ਨਹੀਂ।

-729-

ਕੰਮ ਕਰਕੇ ਕਰਦੇ ਬੇਸ਼ੱਕ ਭਜਨ-ਬੰਦਗੀ ਕਰੋ, ਪਰ ਬੰਦਗੀ ਕਰਦੇ ਕਰਦੇ ਕੰਮ ਕਦੀ ਨਾ ਕਰੋ।

-730-

ਜਿਸ ਆਦਮੀ ਦੀ ਛਾਤੀ ਵਿਚ ਬੱਚੇ ਦਾ ਦਿਲ ਹੋਵੇ, ਗੱਭਰੂਆਂ ਵਾਲਾ ਉਤਸ਼ਾਹ ਹੋਵੇ, ਉਹ ਕਦੇ ਵੀ ਬੁਢਾਪੇ ਦਾ ਸ਼ਿਕਾਰ ਨਹੀਂ ਹੋ ਸਕਦਾ।

-731-

ਜੋ ਆਪਣਾ ਪੱਖ ਰੌਲੇ-ਗੌਲੇ ਤੇ ਬਹੁਤੇ ਰੋਅਬ ਨਾਲ ਪੇਸ਼ ਕਰਦਾ ਹੈ, ਸਮਝੋ ਉਸ ਦੀ ਗੱਲ ਝੂਠੀ ਹੈ।

-732-

ਜਿਨ੍ਹਾਂ ਦੀਆਂ ਜੇਬਾਂ ਦਾਨ ਕਰਨ ਨਾਲ ਖ਼ਾਲੀ ਹੋ ਜਾਂਦੀਆਂ ਹਨ, ਉਨ੍ਹਾਂ ਦੇ ਦਿਲਾਂ ਦੇ ਭੰਡਾਰ ਭਰਪੂਰ ਰਹਿੰਦੇ ਹਨ।

-733-

ਸਿਆਣੇ ਆਦਮੀ ਕਾਫ਼ੀ ਸਮਾਂ ਕਾਰਨਾਂ ਅਤੇ ਸਿੱਟਿਆਂ 'ਤੇ ਵੀਚਾਰ ਕਰਦੇ ਹਨ, ਬੇਸਮਝ ਫ਼ੌਰਨ ਫ਼ੈਸਲਾ ਹੀ ਦੇ ਛੱਡਦੇ ਹਨ।

-734-

ਜੋ ਕੁਝ ਇਕਾਂਤ ਵਾਸ ਵਿਚ ਚੰਗਾ ਹੈ, ਉਹ ਇਹੋ ਹੈ ਕਿ ਇਕ ਰੂਹ ਦੂਜੀ ਰੂਹ ਨਾਲ ਗੱਲਾਂ ਕਰਨ ਲੱਗ ਪੈਂਦੀ ਹੈ।

-735-

ਜੇਕਰ ਤੁਸੀਂ ਭੁੱਲਾਂ ਰੋਕਣ ਲਈ ਦਰਵਾਜ਼ਾ ਹੀ ਬੰਦ ਕਰ ਦਿਓਗੇ, ਹੋ ਸਕਦਾ ਹੈ ਸਚਾਈ ਤੇ ਨੇਕੀ ਵੀ ਬਾਹਰ ਰਹਿ ਜਾਵੇ।

-736-

ਜਦ ਤਕ ਅਸੀਂ ਜੀਉਂਦੇ ਜਾਗਦੇ ਹਾਂ, ਮੌਤ ਨਹੀਂ ਹੁੰਦੀ, ਜਦੋਂ ਮੌਤ ਆ ਜਾਂਦੀ ਹੈ ਅਸੀਂ ਨਹੀਂ ਹੁੰਦੇ ।

-737-

ਨਾਸਤਿਕਤਾ ਰੂਹ ਦੀ ਬੀਮਾਰੀ ਹੈ, ਇਸ ਤੋਂ ਪਹਿਲੇ ਕਿ ਇਹ ਦਿਮਾਗ਼ ਦੀ ਗ਼ਲਤੀ ਬਣੇ।

-738-

ਤੁਸੀਂ ਲਿਖੋ ਨਾ, ਜਿਸ 'ਤੇ ਕੁਛ ਕਦੀ ਪੜ੍ਹਿਆ ਹੀ ਨਹੀਂ, ਉਹ ਪੜ੍ਹੋ ਵੀ ਨਾ, ਜਿਸ ਦਾ ਅੰਦਰ ਤੁਹਾਨੂੰ ਭੁੱਖ ਨਹੀਂ ਲੱਗੀ।

-739-

ਲਿਖਾਰੀ ਲਈ ਤਿੰਨਾਂ ਚੀਜ਼ਾਂ ਦੀ ਲੋੜ ਹੈ- ਪ੍ਰਕਾਸ਼ਣ ਯੋਗ ਚੰਗੀ ਸਮੱਗਰੀ, ਚੰਗਾ ਪ੍ਰਕਾਸ਼ਕ ਤੇ ਚੰਗਾ ਪਾਠਕ।

-740-

ਜਿਵੇਂ ਲੋਕ ਮੋਇਆਂ ਬਾਰੇ ਹਮਦਰਦੀ ਨਾਲ ਗੱਲਾਂ ਕਰਦੇ ਹਨ, ਜੇ ਜੀਉਂਦਿਆਂ-ਜੀਅ ਵੀ ਇਵੇਂ ਹੀ ਕਰਨ ਤਾਂ ਕੋਈ ਬੇ-ਰਸੀ ਨਾ ਹੋਵੇ।

-741-

ਸਾਡੇ ਅੰਦਰ ਦੀ ਪਰਖ ਇਤਨੇ ਨਾਲ ਹੀ ਹੋ ਸਕਦੀ ਹੈ ਕਿ ਅਸੀਂ ਰਾਤ ਦਿਨ ਕੀ ਕੁਝ ਸੋਚਦੇ ਰਹਿੰਦੇ ਹਾਂ।

-742-

ਜੋ ਆਪਣੇ ਰੰਜਾਂ ਨੂੰ ਛਿਪਾਉਣ ਵਾਂਗ ਖ਼ੁਸ਼ੀ ਨੂੰ ਵੀ ਗੰਭੀਰਤਾ ਨਾਲ ਲੁਕਾ ਸਕਦਾ ਹੈ, ਉਹ ਵੱਡਾ ਆਦਮੀ ਹੈ।

-743-

ਕਿਪਾਲੂਸੁਭਾ ਬੜੀ ਸਸਤੀ ਜੇਹੀ ਚੀਜ਼ ਹੈ, ਇਸ ਨਾਲ ਅਸੀਂ ਲੱਖਾਂ ਦਾ ਵਣਜ ਕਰ ਸਕਦੇ ਹਾਂ।

-744-

ਤਾਜ ਵੇਖਣ ਨੂੰ ਸੋਨੇ ਦਾ ਹੈ, ਮਗਰ ਇਸ ਦੇ ਕਿੰਗਰੇ ਕੰਡੇ ਤੇ ਇਸ ਦੀ ਚਮਕ ਦੁੱਖਾਂ ਗ਼ਮਾਂ ਦਾ ਸੜਦੀ ਦੁਪਹਿਰਾ ਹੈ।

-745-

ਬੈਲ ਦੇ ਸਿੰਗਾਂ ਤੋਂ ਤੇ ਖੋਤੇ ਦੇ ਕੇਵਲ ਦੁਲੱਤਿਆਂ ਤੋਂ ਹੀ ਬਚਣਾ ਪੈਂਦਾ ਹੈ, ਪਰ ਧੋਖੇਬਾਜ਼ ਆਦਮੀ ਦੇ ਹਰ ਪਾਸੇ ਤੋਂ ਬਚਣ ਦੀ ਲੋੜ ਹੈ।

-746-

ਚੋਰੀ ਦੇ ਚੁੰਬਨ ਸਭ ਤੋਂ ਜ਼ਿਆਦਾ ਮਿੱਠੇ ਹੁੰਦੇ ਹਨ। ਭਾਵੇਂ ਭਗਵਾਨ ਦੇ ਭਗਤਾਂ ਤੋਂ ਪੁੱਛ ਲਵੋ, ਭਾਵੇਂ ਪ੍ਰੇਮੀਆਂ ਤੋਂ।

-747-

ਗਿਆਨ ਦੀ ਪਹਿਲੀ ਪਉੜੀ ਇਹ ਜਾਣਨਾ ਹੈ ਕਿ ਅਸੀਂ ਖਿਨ-ਖਿਨ ਭੁੱਲਾਂ ਕਰਨ ਵਾਲੇ ਹਾਂ।

-748-

ਜਦੋਂ ਥੋੜ੍ਹਾ ਜਾਣਦੇ ਹੁੰਦੇ ਹਾਂ ਠੀਕ ਜਾਣਦੇ ਹੁੰਦੇ ਹਾਂ, ਇਲਮ ਦੇ ਵਾਧੇ ਨਾਲ ਸ਼ੰਕੇ ਵੀ ਨਾਲੋਂ-ਨਾਲ ਵਧਦੇ ਜਾਂਦੇ ਹਨ।

-749-

ਜਾਣਨ ਦਾ ਸਿਰਾ ਰੱਬ ਨੂੰ ਜਾਣਨਾ ਹੈ, ਫਿਰ ਇਸ ਤੋਂ ਬਾਅਦ ਉਸ ਨੂੰ ਪਿਆਰਨਾ ਤੇ ਉਸੇ ਵਿਚ ਸਮਾ ਜਾਣਾ ਹੈ।

-750-

ਮੈਂ ਉਸ ਨਾਲ ਈਰਖਾ ਨਹੀਂ ਕਰਦਾ, ਜੋ ਮੈਥੋਂ ਵੱਧ ਜਾਣਦਾ ਹੈ, ਉਸ 'ਤੇ ਤਰਸ ਜ਼ਰੂਰ ਖਾਂਦਾ ਹਾਂ ਜੋ ਮੈਥੋਂ ਘੱਟ ਜਾਣਦਾ ਹੈ।

-751-

ਉਸ ਤੋਂ ਬਚੋ, ਜੋ ਬੱਚਿਆਂ ਦੇ ਹਾਸੇ ਤੋਂ ਵੀ ਘਿਰਣਾ ਕਰਦਾ ਹੈ।

-752-

ਗੁਲਾਬ ਦਾ ਨਾਮ ਬਦਨਣ ਨਾਲ ਉਸ ਦੀ ਸੁਹਣੱਪ ਤੇ ਸੁਗੰਧੀ ਨਹੀਂ ਬਦਲੀ ਜਾ ਸਕਦੀ। (ਸ਼ੈਕਸਪੀਅਰ)

-753-

ਸਾਰੇ ਆਖਦੇ ਹਨ ਕਿ ਮੇਰੀ ਯਾਦ ਸ਼ਕਤੀ ਚੰਗੀ ਨਹੀਂ, ਪਰ ਕੋਈ ਆਦਮੀ ਆਪਣੀ ਪਾਰਖੂਸ਼ਕਤੀ 'ਤੇ ਇਹ ਇਤਰਾਜ਼ ਨਹੀਂ ਕਰਦਾ।

-754-

ਕੁਝ ਵੀ ਕਹਿਣ ਤੋਂ ਪਹਿਲਾਂ ਤਿੰਨ ਗੱਲਾਂ ਦਾ ਜ਼ਰੂਰ ਖ਼ਿਆਲ ਰੱਖੋ-ਕਿਵੇਂ ਕਹਿ ਰਹੇ ਹੋ, ਕਿਥੇ ਕਹਿ ਰਹੇ ਹੋ ਤੇ ਕਦੋਂ ਕਹਿ ਰਹੇ ਹੋ। (ਸਉਥੀ)

-755-

ਜੋ ਬਾਹਲੀਆਂ ਪਿਆਲੀਆਂ ਨੂੰ ਮੂੰਹ ਲਾਉਂਦਾ ਹੈ, ਉਹ ਆਪ ਤ੍ਰਿਹਾਇਆ ਹੀ ਰਹਿੰਦਾ ਹੈ।

-756-

ਲੋਕੀਂ ਕਹਿੰਦੇ ਹਨ, 'ਥੋੜ੍ਹਾ ਗਿਆਨ ਖ਼ਤਰਨਾਕ ਹੈ', ਮੈਂ ਪੁੱਛਦਾ ਹਾਂ ਇਸ ਖ਼ਤਰੇ ਤੋਂ ਬਾਹਰ ਕੌਣ ਹੈ।

-757-

ਜੀਵਨ ਸਫਲਤਾ ਲਈ ਧਨ, ਸ਼ਕਤੀ ਤੇ ਵਿਦਿਆ ਨਾਲੋਂ ਆਚਰਣ ਦੀ ਵਧੇਰੇ ਲੋੜ ਹੈ।

-758-

ਬੋਲ-ਚਾਲ ਦੇ ਵਾਪਾਰ ਵਿਚ ਕੇਵਲ ਸੋਨੇ ਚਾਂਦੀ ਦੇ ਅਸਲ ਸਿੱਕੇ ਹੀ ਵਰਤੋਂ ਵਿਚ ਲਿਆਓ, ਖੋਟੇ ਨਾ ਵਰਤੋ।

-759-

ਦੋ ਵਕੀਲਾਂ ਦੇ ਵਿਚਾਲੇ ਇਕ ਪੇਂਡੂ ਆਦਮੀ ਉਸ ਚੂਹੇ ਵਾਂਗ ਹੁੰਦਾ ਹੈ, ਜਿਸ 'ਤੇ ਦੋ ਬਿੱਲੀਆਂ ਝਪਟ ਰਹੀਆਂ ਹੋਣ।

-76●-

ਚੰਗੇ ਕਾਨੂੰਨ ਦੀ ਇਹ ਤਾਰੀਫ਼ ਹੈ ਕਿ ਉਹ ਨੇਕੀ ਕਰਨ ਵਿਚ ਸਹੂਲਤਾਂ ਤੇ ਬੁਰਿਆਈ ਲਈ ਮੁਸ਼ਕਲਾਂ ਪੈਦਾ ਕਰ ਦੇਵੇ। (ਗਲੈਡ ਸਟੋਨ)

-761-

ਮੈਂ ਅਜੇਹੇ ਆਦਮੀ ਨੂੰ ਮਿਲਿਆ ਹਾਂ ਜੋ ਲੱਗੀ ਚੋਟ ਨੂੰ ਵੀ ਮਾਫ਼ ਕਰ ਸਕਦਾ ਹੈ। ਸਾਨੂੰ ਅਜੇਹੇ ਬੰਦੇ ਦੇ ਮਿਲਣ ਦੀ ਆਸ ਹੈ ਜੋ ਅਪਮਾਨ ਨੂੰ ਵੀ ਅਣਡਿੱਠ ਕਰ ਸਕੇ।

-762-

ਧੂੜ ਤੋਂ ਕੌਣ ਤੁੱਛ ਹੈ, ਉਹ ਵੀ ਜੇ ਪੈਰ ਮਾਰੀਏ, ਸਿਰ ਨੂੰ ਆਉਂਦੀ ਹੈ। (ਬਾਲਮੀਕ)

-763-

ਉਹ ਚੇਹਰਾ ਵੇਖਣ ਯੋਗ ਨਹੀਂ, ਜਿਸ 'ਤੇ ਮੁਸਕਾਨ ਨਹੀਂ, ਉਹ ਸ਼ਬਦ ਸੁਣਨ ਯੋਗ ਨਹੀਂ, ਜਿਸ ਵਿਚ ਗਿਆਨ ਨਹੀਂ।

-764-

ਅਸਲ ਪਾਤਸ਼ਾਹ ਉਹ ਹੈ, ਜਿਸ ਪਾਸ ਗੁਜ਼ਾਰੇ ਜੋਗੀ ਕੁੱਲੀ, ਗੁੱਲੀ, ਜੁੱਲੀ ਤੇ ਨਾਲ ਸਬਰ ਸੰਤੋਖ ਵੀ ਹੈ।

-765-

ਸੁਰਗ ਉਹ ਥਾਂ ਹੈ ਜਿਥੇ ਕੋਈ ਕਿਸੇ ਤੋਂ ਪੀੜਤ ਨਾ ਹੋਵੇ, ਅਤੇ ਨਾ ਕਿਸੇ ਨੂੰ ਕਿਸੇ ਨਾਲ ਕੰਮ ਪਵੇ। (ਉਮਰ ਖ਼ਿਆਮ)

-766-

ਪ੍ਰਭੂ ! ਜੇ ਤੂੰ ਮੈਨੂੰ ਬੰਦਗੀ ਦੇ ਇਵਜ਼ਾਨੇ ਵਿਚ ਹੀ ਸੁਰਗ ਦੇਵੇਂਗਾ, ਫਿਰ ਤੇਰੀ ਰਹਿਮਤ ਦਾ ਸੁਆਦ ਕੀ ਰਹੇਗਾ?

-767-

ਮੈਂ ਦੁਨੀਆਂ ਤੋਂ ਹੱਥ ਧੋ ਕੇ ਤੇਰੇ ਸਿਜਦੇ ਵਿਚ ਆਵਾਂਗਾ, ਮੈਂ ਉਹ ਨਹੀਂ ਕਿ ਬਿਨਾਂ ਉਜ਼ੂ(ਪੰਜ ਸ਼ਨਾਨਾ) ਕੀਤੇ ਹੀ ਤੇਰੀ ਬੰਦਗੀ ਕਰਾਂ।

-768-

ਆਸ਼ਕ ਜਦ ਤਕ ਜਿਗਰ ਦੇ ਖ਼ੂਨ ਨਾਲ ਉਜ਼ੂਨਾ ਕਰ ਲਵੇ, ਤਦ ਤਕ ਇਸ਼ਕ ਦੇ ਮੁਫ਼ਤੀ ਦੇ ਕਥਨ ਅਨੁਸਾਰ ਉਸ ਦੀ ਨਿਮਾਜ਼ ਪ੍ਰਵਾਨ ਨਹੀਂ ਹੁੰਦੀ।

-769-

ਜੋ ਸੂਰਜ ਨੂੰ ਨਿਸ਼ਾਨਾ ਸੇਧ ਰਿਹਾ ਹੋਵੇ, ਸ਼ਾਇਦ ਉਸ ਦਾ ਨਿਸ਼ਾਨਾ ਦਰੁਸਤ ਹੀ ਹੋਵੇ ਪਰ ਉਹ ਸਫਲ ਨਹੀਂ ਹੋ ਸਕਦਾ।

-77●-

ਮੌਤ ਵਾਂਗ ਕਾਨੂੰਨ ਵੀ ਬੇਲਿਹਾਜ਼ ਚਾਹੀਦਾ ਹੈ, ਜੋ ਕਿਸੇ ਦੀ ਕਿਵੇਂ ਵੀ ਪ੍ਰਵਾਹ ਨਾ ਕਰੇ।

-771-

ਬੁਲਬੁਲ ਫੁੱਲਾਂ ਨੂੰ ਤੇ ਪੰਡਤ ਆਪਣੇ ਬੁੱਤਾਂ ਨੂੰ ਭੁੱਲ ਜਾਵੇ, ਜੇ ਉਹ ਮੈਨੂੰ ਵੇਖ ਲੈਣ ਪਰ ਇਹ ਜਾਣ ਲਓ, ਮੇਰਾ ਹੁਸੀਨ ਆਪਾ ਮੇਰੇ ਕਲਾਮ ਵਿਚ ਹੈ। ਜਿਸ ਮੈਨੂੰ ਤੱਕਣਾ ਹੈ, ਉਹ ਫੁੱਲਾਂ ਵਿਚ ਰਮੀ ਸੁੰਗਧੀ ਵਾਂਗ ਮੈਨੂੰ ਮੇਰੀ ਸ਼ਾਇਰੀ ਵਿਚ ਵੇਖੇ। (ਜ਼ੇਬੁਲਨਿਸਾ)

-772-

ਨਿਰਮਾਣਤਾ ਪੁੰਗਿਆਂ ਦੀ ਨਿਸ਼ਾਨੀ ਹੈ, ਕੋਈ ਵੀ ਸ਼ਾਹਸਵਾਰ ਜਦੋਂ ਆਪਣੀ ਮੰਜ਼ਲ 'ਤੇ ਪੁੱਜ ਜਾਂਦਾ ਹੈ, ਪੈਦਲ ਹੋ ਜਾਂਦਾ ਹੈ।

-773-

ਸੁਰਗ ਇਤਨਾ ਸੁਆਦੀ ਨਹੀਂ ਜਿਤਨਾ ਅਸੀਂ ਸੁਣਦੇ ਹਾਂ, ਖ਼ਿਆਲੀ ਤਾਂ ਇਸ ਤੋਂ ਵੀ ਵੱਡਾ ਸੋਚ ਸਕਦੇ ਹਨ।

-774-

ਬੁਢੇਪੇ ਸਮੇਂ ਹਰ ਕੋਈ ਸ੍ਰੇਸ਼ਟਾਚਾਰੀ ਬਣ ਜਾਂਦਾ ਹੈ, ਜਦ ਕਿ ਤਨ ਵਿਚ ਬਲ ਹੀ ਨਹੀਂ ਹੁੰਦਾ। ਸੁਆਦ ਤਾਂ ਹੈ ਕਿ ਜੁਆਨੀ ਵਿਚ ਐਸਾ ਬਣ ਕੇ ਦਿਖਾਓ।

-775-

ਕਈ ਵਾਰ ਨਾਰੀ ਦਾ ਰੁਸੇਵਾਂ ਕੇਵਲ ਮਨੇਵੇਂ ਲਈ ਹੁੰਦਾ ਹੈ, ਆਖ਼ਰ ਮੰਨਣ ਮਨਾਉਣ ਵਿਚ ਵੀ ਇਕ ਮੌਜ ਹੈ।

-776-

ਅੱਖ ਰੂਹ ਦਾ ਦਰਵਾਜ਼ਾ ਹੈ, ਜਦੋਂ ਅਸੀਂ ਚਿੜੀ ਜਾਂ ਕਬੂਤਰ ਨੂੰ ਮਾਰਦੇ ਹਾਂ, ਉਸ ਦੀ ਅੱਖ ਵੀ ਸਾਡੀ ਅੱਖ ਵੱਲ ਲੱਗੀ ਹੁੰਦੀ ਹੈ।

-777-

ਤੱਥ ਜਾਂ ਘਟਨਾਵਾਂ ਉਹ ਪੱਕੀਆਂ ਦਲੀਲਾਂ ਹਨ, ਜਿਨ੍ਹਾਂ ਨੂੰ ਕਿਸੇ ਤਰ੍ਹਾਂ ਕੱਟਿਆ ਨਹੀਂ ਜਾ ਸਕਦਾ।

-778-

ਝਗੜਾ ਕਰਨ ਲਈ ਦੋ ਆਦਮੀਆਂ ਦੀ ਲੋੜ ਹੈ, ਚੰਗਾ ਇਹ ਹੈ ਕਿ ਤੁਸੀਂ ਇਨ੍ਹਾਂ ਵਿੱਚੋਂ ਇਕ ਨਾ ਹੋਵੋਂ। ਕਿਨਾਰਾਕਸ਼ੀ ਭਲਾ ਰਾਹ ਹੈ।

-779-

ਇਹ ਜ਼ਰੂਰੀ ਨਹੀਂ ਕਿ ਜਿਸ ਦੀ ਸ਼ੁਹਰਤ ਫੈਲੀ ਹੋਵੇ, ਉਹ ਜ਼ਰੂਰ ਚੰਗਾ ਤੇ ਸ੍ਰੇਸ਼ਟ ਵੀ ਹੋਵੇ।

-78●-

ਅੱਜ, ਮੇਰਾ ਚੇਹਰਾ ਵੇਖਣ ਵਾਲਾ ਸ਼ੀਸ਼ਾ ਟੁੱਟ ਗਿਆ। ਬਹੁਤ ਅੱਛਾ ਹੋਇਆ ਕਿਉਂਕਿ ਹਉਮੈ ਪੈਦਾ ਕਰਨ ਵਾਲਾ ਸਾਮਾਨ ਖ਼ਤਮ ਹੋ ਗਿਆ।

-781-

ਜੇ ਘਰੇਲੂਵਿਦਿਆ ਮੇਰੇ ਹੱਥ ਵਿਚ ਹੋਵੇ, ਮੈਂ ਸਾਰੇ ਰਾਜ-ਪ੍ਰਬੰਧਾਂ ਤੇ ਧਰਮ-ਸੰਸਥਾਵਾਂ ਨੂੰ ਚੰਗੇਰਾ ਬਣਾਉਣ ਦੀ ਸ਼ਰਤ ਦੇ ਸਕਦਾ ਹਾਂ।

-782-

ਰੱਬ ਮਨੁੱਖ ਦੇ ਜਗਾਏ ਦੀਪਕ ਨੂੰ ਆਪਣੇ ਸਿਤਾਰਿਆਂ ਦੀ ਨਿਸਬਤ ਜ਼ਿਆਦਾ ਪਿਆਰਦਾ ਹੈ।

-783-

ਜੇ ਸਭ 'ਤੇ ਇਤਬਾਰ ਕਰਦਾ ਹੈ, ਉਹ ਭੋਲਾ ਹੈ। ਜੋ ਸਭ 'ਤੇ ਬੇ-ਇਤਬਾਰੀ ਕਰਦਾ ਹੈ, ਉਹ ਆਪ ਬੇ-ਇਤਬਾਰਾ ਤੇ ਸ਼ੈਤਾਨ ਹੈ।

-784-

ਪ੍ਰਸੰਨਤਾ ਪਦਾਰਥਾਂ 'ਤੇ ਨਿਰਭਰ ਨਹੀਂ, ਸਾਡੇ ਆਪਣੇ ਸੁਆਦਾਂ 'ਤੇ ਨਿਰਭਰ ਹੈ। ਤੁਸੀਂ ਖੰਡ ਵਿੱਚੋਂ ਸੁਆਦ ਲੈ ਸਕਦੇ ਹੋ ਤੇ ਕੌੜੀ ਮਿਰਚ ਵਿੱਚੋਂ ਵੀ।

-785-

ਝੂਠੀ ਖ਼ੁਸ਼ੀ ਜਾਅਲੀ ਸਿੱਕਿਆਂ ਵਾਂਗ ਹੈ, ਚਲਾਉਣ ਵੇਲੇ ਤਕਲੀਫ਼ ਹੁੰਦੀ ਹੈ, ਜੇਬ ਵਿਚ ਤਾਂ ਬੇਸ਼ੱਕ ਕਿੰਨਾ ਚਿਰ ਰੱਖ ਛੱਡੋ।

-786-

ਅਨਪੜ੍ਹ ਕਿਸਾਨ ਤੇ ਫਿਲਾਸਫਰ ਦੀ ਤਸੱਲੀ ਬਰਾਬਰ ਹੈ, ਖ਼ੁਸ਼ੀ ਗ਼ਮੀ ਸਭ ਲਈ ਇਕ-ਸਮਾਨ ਹੈ ਪਰ ਪ੍ਰਗਟਾਵੇ ਦਾ ਭੇਦ ਹੋ ਸਕਦਾ ਹੈ।

-787-

ਛੇਤੀ ਬੇਸ਼ੱਕ ਕਰੋ, ਕਾਹਲੀ ਨਾ ਕਰੋ। ਕਾਹਲੀ ਨਾ ਕਰੋ ਜੀ, ਕਾਹਲੀ ਤਾਂ ਕੇਵਲ ਮੱਛੀਆਂ ਫੜਨ ਵੇਲੇ ਹੀ ਕਰਨੀ ਚਾਹੀਦੀ ਹੈ।

-788-

ਅਸੀਂ ਕਹਿੰਦੇ ਹਾਂ ਕਿ ਫ਼ਲਾਣਾ ਮਰ ਗਿਆ ਹੈ, ਪਰ ਫ਼ਰਿਸ਼ਤੇ ਕਹਿੰਦੇ ਹਨ ਕਿ ਉਹ ਜੰਮ ਪਿਆ ਹੈ।

-789-

ਇਸਤਰੀ ਦਾ ਦਿਮਾਗ਼ ਉਸ ਦੇ ਦਿਲ ਦੇ ਅਧੀਨ ਹੁੰਦਾ ਹੈ ਤੇ ਮਰਦ ਦਾ ਦਿਲ ਉਸ ਦੇ ਦਿਮਾਗ਼ੀ ਅਸਰ ਹੇਠ।

-790-

ਕੁਝ ਲੋਕਾਂ ਨੂੰ ਗ਼ਲਤ ਖ਼ਿਆਲ ਹੈ ਕਿ ਡਾਕਟਰ ਤੇ ਹਕੀਮ ਗੰਦਿਆਂ ਅੰਡਿਆਂ ਨੂੰ ਵੀ ਉਨ੍ਹਾਂ ਦੇ ਚਿੱਟੇ ਖੋਲਾਂ ਵਿਚ ਕੁਝ ਹੋਰ ਸਮਾਂ ਰੱਖ ਸਕਦੇ ਹਨ।

-791-

ਬਜਾਇ ਇਸ ਦੇ ਕਿ ਮੈਂ ਸੁਰਗ ਵਿਚ ਹੋਵਾਂ, ਮੇਰੇ ਅੰਦਰ ਸੁਰਗ ਹੋਣਾ ਚਾਹੀਦਾ ਹੈ।

-792-

ਜੇ ਕੋਈ ਮੇਰੀ ਪ੍ਰਸਿੱਧੀ 'ਤੇ ਝਪਟ ਮਾਰਦਾ ਹੈ, ਉਹ ਮੈਨੂੰ ਜ਼ਰੂਰ ਗ਼ਰੀਬੜਾ ਬਣਾ ਦੇਵੇਗਾ ਪਰ ਉਹ ਆਪ ਅਮੀਰ ਨਹੀਂ ਬਣ ਸਕੇਗਾ। (ਸ਼ੈਕਸਪੀਅਰ)

-793-

ਮੈਂ ਸੁਰਗ ਵਿਚ ਜਾ ਕੇ ਤਿੰਨ ਚੀਜ਼ਾਂ ਤੱਕਾਂਗਾ-ਪਹਿਲੇ ਉਹ ਲੋਕ ਜਿਨ੍ਹਾਂ ਦੇ ਉਥੇ ਪੁੱਜਣ ਦੀ ਕੋਈ ਉਮੀਦ ਨਹੀਂ ਸੀ, ਦੂਜੇ ਉਹ ਜਿਨ੍ਹਾਂ ਦੀ ਆਸ ਸੀ, ਤੀਸਰੇ ਮੈਂ ਆਪ।

-794-

ਦੋ ਆਦਮੀ ਹੀ ਰੱਬ ਨੂੰ ਖ਼ੁਸ਼ ਕਰ ਸਕਦੇ ਹਨ - ਪਹਿਲੇ ਉਹ ਜੋ ਉਸ ਦੀ ਸੇਵਾ ਕਰਦੇ ਹਨ ਕਿਉਂਕਿ ਉਹ ਜਾਣਦੇ ਹਨ। ਦੂਸਰੇ, ਉਹ ਜੋ ਉਸ ਦੀ ਢੂੰਡ ਭਾਲ ਵਿਚ ਤਾਂ ਲੱਗੇ ਹੋਏ ਹਨ, ਪਰ ਉਸ ਨੂੰ ਜਾਣਦੇ ਨਹੀਂ।

-795-

ਅਸੀਂ ਕੁਝ ਲੋਕਾਂ ਨੂੰ ਘਿਰਣਾ ਨਾਲ ਤੱਕਦੇ ਹਾਂ, ਕਿਉਂਕਿ ਅਸੀਂ ਉਨ੍ਹਾਂ ਨੂੰ ਜਾਣਦੇ ਨਹੀਂ। ਅੱਗੋਂ ਲਈ ਅਸੀਂ ਜਾਣ ਵੀ ਨਹੀਂ ਸਕਾਂਗੇ ਕਿਉਂਕਿ ਅਸੀਂ ਨਿਰਾਦਰ ਦ੍ਰਿਸ਼ਟੀ ਨਹੀਂ ਤਿਆਗੀ।

-796-

ਅਣਸੱਦੇ ਪ੍ਰਾਹੁਣੇ ਉਦੋਂ ਹੀ ਚੰਗੇ ਲੱਗਦੇ ਹਨ, ਜਦੋਂ ਉਹ ਚਲੇ ਜਾਣ। (ਸ਼ੈਕਸਪੀਅਰ)

-797-

ਕਿਸੇ ਦੀ ਗ਼ਲਤੀ 'ਤੇ ਸਾਡਾ ਗ਼ੁੱਸੇ ਹੋਣਾ ਮੁਨਾਸਬ ਵੀ ਹੋਵੇ, ਫਿਰ ਵੀ ਸੋਚ ਲਓ ਕਿ ਕਦੀ ਇਹ ਗ਼ਲਤੀ ਸਾਥੋਂ ਵੀ ਹੋ ਸਕਦੀ ਹੈ।

-798-

ਖ਼ੁਦਾ ਦਾ ਦੁਸ਼ਮਨ ਬੰਦਿਆਂ ਦਾ ਦੋਸਤ ਨਹੀਂ ਹੋ ਸਕਦਾ, ਬੰਦਿਆਂ ਦਾ ਦੁਸ਼ਮਨ ਖ਼ੁਦਾ ਦਾ ਦੋਸਤ ਨਹੀਂ ਬਣ ਸਕਦਾ।

-799-

ਦੋ ਹੀ ਆਦਮੀ ਸੰਪੂਰਨ ਸ੍ਰੇਸ਼ਟ ਹੋ ਸਕਦੇ ਹਨ, ਇਕ ਮੋਇਆ ਹੋਇਆ ਤੇ ਇਕ ਅਣਜੰਮਿਆ।

(ਚੀਨੀ ਮੁਹਾਵਰਾ)

-800-

ਜੇਕਰ ਪ੍ਰਸਿੱਧੀ ਮੌਤ ਬਾਅਦ ਹੀ ਮਿਲਦੀ ਹੈ, ਤਾਂ ਮੈਂ ਇਸ ਲਈ ਦੇਰ ਨਹੀਂ ਲਾਵਾਂਗਾ। (ਮਾਰਸ਼ਲ)

-801-

ਕੇਵਲ ਤਾਲੀਮੀ ਕਾਬਲੀਅਤ ਹੀ ਚੰਗਾ ਲਿਖਾਰੀ ਨਹੀਂ ਬਣਾਉਂਦੀ, ਲਿਖਤ ਪਿੱਛੇ ਮਜ਼ਬੂਤ ਤੇ ਮਨੋਹਰ ਸ਼ਖ਼ਸੀਅਤ ਦੀ ਵੀ ਡਾਢੀ ਲੋੜ ਹੈ।

-802-

ਗ਼ਰੀਬ ਥੋੜ੍ਹਾ ਕੁਝ, ਐਸ਼ਪ੍ਰਸਤ ਬਹੁਤਾ ਕੁਝ ਤੇ ਲਾਲਚੀ ਸੱਭੋ ਕੁਝ ਹੀ ਆਪਣੀ ਝੋਲੀ ਪਾਉਣ ਦੇ ਦਾਅ ਵਿਚ ਰਹਿੰਦਾ ਹੈ।

-803-

ਜੋ ਸੋਚਣਾ ਜਾਣਦੇ ਹੀ ਨਹੀਂ, ਉਹ ਲੋਕ ਲਗਾਤਾਰ ਬੋਲਦੇ ਹੀ ਰਹਿੰਦੇ ਹਨ।

-804-

ਸੁੰਦਰਤਾ ਦਾ ਸਭ ਤੋਂ ਉੱਤਮ ਭਾਗ ਉਹ ਹੈ, ਜਿਸ ਨੂੰ ਚਿੱਤ੍ਰਕਾਰ ਦਾ ਬੁਰਸ਼ ਤੇ ਕਵੀ ਦੀ ਕਲਮ ਅਜੇ ਛੂਹ ਨਹੀਂ ਸਕੀ। (ਬੇਕਨ)

-805-

ਸ੍ਰੇਸ਼ਟ ਪੁਰਸ਼ ਨੂੰ ਵੇਖ ਕੇ ਉਸ ਵਰਗਾ ਬਣਨ ਦੀ ਰੀਝ ਪੈਦਾ ਕਰੋ, ਅਸ੍ਰੇਸ਼ਟ ਨੂੰ ਤੱਕ ਕੇ ਆਪਣੇ ਆਪੇ ਦੀ ਪੜਤਾਲ ਸ਼ੁਰੂ ਕਰ ਦਿਓ।

-806-

ਇਸਤਰੀ ਦਾ ਫ਼ਰਜ਼ ਹੈ, ਜਿੰਨੀ ਛੇਤੀ ਹੋ ਸਕੇ ਵਿਆਹ ਕਰਾਵੇ, ਪੁਰਸ਼ ਦਾ ਕੰਮ ਹੈ ਇਸ ਤੋਂ ਜਲਦੀ ਖਹਿੜਾ ਛੁਡਾਵੇ। (ਬਰਨਾਰਡ ਸ਼ਾਅ)

-807-

ਜੇਕਰ ਅੰਨ੍ਹਾ ਹੀ ਅੰਨ੍ਹੇ ਦੀ ਅਗਵਾਈ ਕਰੇ, ਇਸ ਦਾ ਲਾਜ਼ਮੀ ਸਿੱਟਾ ਦੋਹਾਂ ਦਾ ਕਿਸੇ ਖੂਹ ਖਾਤੇ ਡਿੱਗ ਪੈਣਾ ਹੈ।

-808-

ਮੈਂ ਅਖ਼ਬਾਰਾਂ ਇਸ ਲਈ ਪੜ੍ਹਦਾ ਹਾਂ ਤਾਂ ਕਿ ਜਾਣ ਸਕਾਂ, ਰੱਬ ਆਪਣੀ ਦੁਨੀਆਂ 'ਤੇ ਕਿਵੇਂ ਹਕੂਮਤ ਕਰਦਾ ਹੈ।

-809-

ਦੋਸਤ ਨੂੰ ਖ਼ੁਸ਼ੀ ਵਿਚ ਰਲਾਓ, ਖ਼ੁਸ਼ੀ ਦੂਣੀ ਹੋ ਜਾਵੇਗੀ, ਗ਼ਮ ਵਿਚ ਰਲਾਓ, ਗ਼ਮ ਅੱਧਾ ਰਹਿ ਜਾਏਗਾ।

-810-

ਕਈ ਵੇਰ ਸੋਹਣੇ ਹੁਸੀਨ ਮਨੁੱਖਾਂ ਵਿਚ ਆ ਕੇ ਮਾਮੂਲੀ ਗੁਣ ਵੀ ਜ਼ਿਆਦਾ ਖ਼ੂਬਸੂਰਤ ਹੋ ਜਾਂਦੇ ਹਨ। ਸੰਗਤ ਦਾ ਸਿੱਟਾ।

-811-

ਲੱਜਾ, ਹਯਾ ਅੰਦਰਲੀਆਂ ਖ਼ੂਬਸੂਰਤੀਆਂ ਦਾ ਬਾਹਰਲਾ ਰੂਪ-ਰੰਗ ਹੈ।

-812-

ਸਿੱਧਾਂਤ ਤੇ ਕਰਮ-ਕਾਂਡ ਵਾਲਾ ਧਰਮ ਗੁੰਝਲਦਾਰ ਚੀਜ਼ ਹੈ, ਪਰ ਅਮਲ ਵਿਚ ਆਉਣ ਵਾਲਾ ਧਰਮ ਹਰ ਆਦਮੀ ਜਾਣ ਸਕਦਾ ਹੈ।

-813-

ਨਾਸਤਕ, ਵਾਹਿਗੁਰੂ ਦੀ ਅਣਹੋਂਦ ਸਾਬਤ ਨਹੀਂ ਕਰ ਸਕਦਾ। ਹਾਂ, ਵੱਧ ਤੋਂ ਵੱਧ ਸ਼ੱਕ ਹੀ ਪਾ ਸਕਦਾ ਹੈ।

-814-

ਅਖ਼ਬਾਰ ਵਾਲਿਆਂ ਨੂੰ 'ਖ਼ਬਰਾਂ ਬਣਾਉਣ' ਦੀ ਥਾਂ, ਖ਼ਬਰਾਂ ਕੇਵਲ ਪ੍ਰਕਾਸ਼ਤ ਹੀ ਕਰਨੀਆਂ ਚਾਹੀਦੀਆਂ ਹਨ।

-815-

ਮਾਇਆ ਦੀ ਖ਼ਾਤਰ ਸੰਸਾਰ ਵਿਚ ਦੌੜ-ਭੱਜ ਕਰਨ ਵਾਲੇ ਲਾਲਚੀ ਆਦਮੀ ਨੂੰ ਆਖ ਦਿਓ ਕਿ ਸੰਤੋਖ ਹੀ ਮਨੁੱਖ ਨੂੰ ਧਨੀ ਬਣਾਉਂਦਾ ਹੈ। (ਸ਼ੇਖ਼ ਸਾਅਦੀ)

-816-

ਗੁਨਾਹ ਕਰਨੇ ਮਾੜੀ ਗੱਲ ਹੈ ਪ੍ਰੰਤੂ ਗੁਨਾਹਾਂ ਲਈ ਸਹੁੰ ਖਾ ਜਾਣਾ ਇਸ ਤੋਂ ਵੀ ਭਾਰਾ ਪਾਪ ਹੈ।

-817-

ਮਾੜਾ ਆਦਮੀ ਡਰਦਾ ਹੁਕਮ ਪਾਲਦਾ ਹੈ, ਭਲਾਮਾਣਸ ਪਿਆਰ ਨਾਲ ਹੀ ਗੱਲ ਮੰਨ ਲੈਂਦਾ ਹੈ।

-818-

ਉਸ ਦਾ ਦਿਲ ਭਾਵੇਂ ਬਹੁਤ ਉਦਾਰ ਤੇ ਵਿਸ਼ਾਲ ਹੈ, ਜੇਕਰ ਕਿਸੇ ਦੀਆਂ ਗ਼ਲਤੀਆਂ ਯਾਦ ਰੱਖਣ ਲਈ ਉਥੇ ਕੋਈ ਥਾਂ ਨਹੀਂ।

-819-

ਉਸ ਆਦਮੀ ਨੂੰ ਲੱਜਾ ਆਉਣੀ ਚਾਹੀਦੀ ਹੈ ਜਿਸ ਦੇ ਕੰਮ ਤਾਂ ਸੋਹਣੇ ਨਾ ਹੋਣ, ਕੇਵਲ ਸ਼ਬਦ ਹੀ ਸੋਹਣੇ ਹੋਣ।

-820-

ਬੁੱਢੀ ਦੀ ਪੀਂਘ ਜੈਸੀ ਨਾਜ਼ਕ ਤੇ ਖ਼ੂਬਸੂਰਤ ਚੀਜ਼ ਹੰਝੂ ਤੇ ਚਾਨਣ ਦਾ ਸੁਮੇਲ ਹੈ।

-821-

ਜੋ ਆਦਮੀ ਕੰਮ ਕਰਨਾ ਨਹੀਂ ਚਾਹੁੰਦਾ, ਉਹ ਆਪਣੀ ਰੋਟੀ ਧੋਖੇ, ਚੋਰੀ, ਜੂਏ ਤੇ ਭਿੱਖਿਆ ਨਾਲ ਹੀ ਕਮਾ ਸਕਦਾ ਹੈ, ਕੀ ਇਨ੍ਹਾਂ ਵਿੱਚੋਂ ਕੁਝ ਕਿਸੇ ਚੰਗੇ ਮਨੁੱਖ ਨੂੰ ਪਸੰਦ ਹੋ ਸਕਦਾ ਹੈ?

-822-

ਸ਼ਾਹੂਕਾਰ ਤੇ ਡਾਕੂ ਵਿਚ ਥੋੜ੍ਹਾ ਫ਼ਰਕ ਹੈ, ਸ਼ਾਹੂਕਾਰ ਗ਼ਰੀਬਾਂ ਨੂੰ ਲੁੱਟਦਾ ਹੈ ਤੇ ਡਾਕੂ ਅਮੀਰਾਂ ਨੂੰ।

(ਮਾਸਟਰ ਤਾਰਾ ਸਿੰਘ)

-823-

ਵੀਹਵੀਂ ਸਦੀ ਦਾ ਅਸਲ ਰਾਜਨੀਤੱਗ ਉਹ ਸਮਝਿਆ ਜਾਂਦਾ ਹੈ ਜੋ ਆਖੇ ਬਹੁਤਾ ਪਰ ਪੱਲੇ ਕਿਸੇ ਦੇ ਕੁਝ ਨਾ ਪੈਣ ਦੇਵੇ।

-824-

ਮਨੁੱਖ ਦੇ ਸਪੱਸ਼ਟ ਖ਼ਿਆਲ, ਉਸ ਦੀਆਂ ਦਲੀਲਾਂ ਦੀ ਨਿਸਬਤ ਜ਼ਿਆਦਾ ਪ੍ਰਭਾਵ ਰੱਖਦੇ ਹਨ।

-825-

ਜਿਥੇ ਕੋਈ ਠਹਿਰਿਆ ਹੋਇਆ ਹੈ, ਉਥੇ ਪਰਮੇਸ਼ਰ ਦੂਜੇ ਨੰਬਰ 'ਤੇ ਹੋਵੇਗਾ, ਜਿਥੇ ਦੋ ਠਹਿਰੇ ਹੋਏ ਹਨ, ਉਥੇ ਰੱਬ ਤੀਸਰੀ ਥਾਂ 'ਤੇ ਆਵੇਗਾ। ਸੋ ਪਰਮੇਸ਼ਰ ਨੂੰ ਮਿਲਣ ਲਈ ਅਤੇ ਪਹਿਲੇ ਨੰਬਰ 'ਤੇ ਲਿਆਉਣ ਲਈ ਆਪਣੀ ਹਉਮੈ ਤੇ ਸੰਸਾਰਕ ਮੋਹ ਨੂੰ ਵੀ ਵਿਦਾਇਗੀ ਦੇਣੀ ਪਏਗੀ।

-826-

ਆਮ ਪ੍ਰਚਲਤ ਖ਼ਿਆਲ ਜਾਂ ਤਾਂ ਸੰਸਾਰ-ਪ੍ਰਸਿੱਧ ਵੱਡਾ ਝੂਠ ਹੁੰਦਾ ਹੈ ਜਾਂ ਕੋਈ ਮਹਾਨ ਸੱਚ।

-827-

ਨਵੀਂ ਕਿਤਾਬ ਨੂੰ ਮਿਲ ਕੇ ਮਿੱਤਰ ਮਿਲਣ ਜਿੰਨੀ ਖ਼ੁਸ਼ੀ ਹੁੰਦੀ ਹੈ।

-828-

ਅਜਿਹੀਆਂ ਗੱਲਾਂ ਦਾ ਕੀ ਲਾਭ, ਜੋ ਸਾਗਰ ਵਿਚ ਪੈ ਰਹੀਆਂ ਕਣੀਆਂ ਵਾਂਙ ਨਾ ਇਧਰ ਕੰਮ ਦੇਣ, ਨਾ ਉਧਰ ਫ਼ਾਇਦੇਮੰਦ ਹੋਵਣ।

-829-

ਕਿਸਮਤ ਹਰ ਇਕ ਨੂੰ ਮਿਲਣ ਆਉਂਦੀ ਹੈ, ਪਰ ਬਹੁਤ ਸਾਰੇ ਲੋਕ ਉਸ ਨੂੰ ਜਾਣਦੇ ਨਹੀਂ ਕਿ ਅਸੀਂ ਮਿਲੇ ਸਾਂ।

-830-

ਜੋ ਤੁਹਾਨੂੰ ਪੁੱਛੇ, ਰੱਬ ਕਿਥੇ ਹੈ? ਉਸ ਨੂੰ ਤੁਸੀਂ ਪੁੱਛੋ, 'ਬਈ ! ਤੂੰ ਹੀ ਦੱਸ, ਰੱਬ ਕਿੱਥੇ ਨਹੀਂ ਹੈ?'

-831-

ਰੱਬ ਨੇ ਕੁਝ ਆਦਮੀਆਂ ਨੂੰ ਅੱਖਾਂ ਮਟਕਾਉਣ ਲਈ ਤੇ ਕੰਨ ਹਿਲਾਉਣ ਲਈ ਹੀ ਦਿੱਤੇ ਹਨ, ਉਹ ਬੇਚਾਰੇ ਵੇਖ-ਸੁਣ ਨਹੀਂ ਸਕਦੇ।

-832-

ਪਰਮ ਮਨੁੱਖ ਉਹ ਨਹੀਂ, ਜੋ ਸਮੇਂ ਦੀ ਉਡੀਕ ਕਰਦੇ ਹਨ, ਬਲਕਿ ਉਹ ਹਨ ਜੋ ਲੋੜ ਅਨੁਸਾਰ ਸਮਾਂ ਆਪ ਪੈਦਾ ਕਰ ਲੈਂਦੇ ਹਨ। (ਚੈਪਿਨ)

-833-

ਆਮ ਚੀਜ਼ਾਂ ਨੂੰ ਖ਼ਾਸ ਸੁਚੱਜੇ ਢੰਗਾਂ ਨਾਲ ਬਿਆਨਣ ਦਾ ਨਾਮ ਹੀ ਮੌਲਿਕਤਾ ਹੈ।

-834-

ਸੁਆਹ ਧਰਤੀ ਕੋਲ ਤੇ ਧੂੰਆਂ ਆਕਾਸ਼ ਪਾਸ ਜਾ ਕੇ ਡੀਂਗ ਮਾਰਦਾ ਹੈ ਕਿ ਅਸੀਂ ਵੀ ਅਗਨੀ ਦੇਵਤਾ ਦੇ ਹੀ ਭੈਣ ਭਰਾ ਹਾਂ। (ਟੈਗੋਰ)

-835-

ਮਨੁੱਖਤਾ ਚਾਨਣ ਦੀ ਨਦੀ ਹੈ, ਜੋ ਸੀਮਤ ਤੋਂ ਅਸੀਮ ਵੱਲ ਵਹਿ ਰਹੀ ਹੈ। (ਖ਼ਲੀਲ ਜਿਬਰਾਨ)

-836-

ਬਹੁ-ਸੰਮਤੀ ਦੇ ਜ਼ੋਰ ਨਾਲ ਕਿਸੇ ਝੂਠ ਨੂੰ ਸੱਚ ਨਹੀਂ ਬਣਾਇਆ ਜਾ ਸਕਦਾ। (ਸ਼ਿਲਰ)

-837-

ਚਿੱਤਰਕਾਰੀ ਖ਼ਾਮੋਸ਼ ਕਵਿਤਾ ਹੈ ਤੇ ਕਵਿਤਾ ਮੂੰਹ ਬੋਲਦਾ ਚਿੱਤਰ ਹੈ।

-838-

ਤਸਵੀਰਾਂ ਨਾਲ ਸਜਿਆ ਕਮਰਾ ਇਉਂ ਦਿੱਸਦਾ ਹੈ, ਜਿਵੇਂ ਉਸ ਵਿਚ ਕਈ ਜੀਉਂਦੇ-ਜਾਗਦੇ ਵਿਚਾਰ ਲਟਕ ਰਹੇ ਹੋਣ।

-839-

ਕੰਮ ਕਰਨ ਵਾਲਾ ਗ਼ਲਤੀ ਵੀ ਕਰ ਸਕਦਾ ਹੈ, ਪਰ ਨਿਕੰਮਾ ਆਦਮੀ ਦਰੁਸਤੀ ਨਹੀਂ ਕਰ ਸਕਦਾ।

-840-

ਅਸੀਂ ਬੱਚਿਆਂ ਨੂੰ ਬੋਲ ਕੇ ਸਿਖਾਉਂਦੇ ਹਾਂ ਪਰ ਉਹ ਸਾਨੂੰ ਚੁੱਪ ਕੀਤਿਆਂ ਹੀ ਕੁਝ ਸਿਖਾਉਂਦੇ ਰਹਿੰਦੇ ਹਨ, ਪਤਾ ਹੈ ਕੀ? ਨਿਸ਼ਕਪਟਤਾ, ਈਮਾਨਦਾਰੀ, ਸੱਚਾਈ।

-841-

ਪਾਰਟੀਬਾਜ਼ੀ ਵਿਚ ਸਿਰ-ਖਪਾਈ ਬਹੁਤਿਆਂ ਦੀ ਹੁੰਦੀ ਹੈ, ਪਰ ਲਾਭ ਥੋੜ੍ਹਿਆਂ ਨੂੰ ਮਿਲਦਾ ਹੈ, ਉਹ ਵੀ ਕੇਵਲ ਮੋਹਰੀ ਚੌਧਰੀਆਂ ਨੂੰ।

-842-

ਜਦੋਂ ਮਾਪੇ ਜੀਉਂਦੇ ਹੋਵਣ, ਉਦੋਂ ਸਾਡੇ ਅਤੇ ਮੌਤ ਦੇ ਵਿਚਾਲੇ ਮਾਪੇ ਹੁੰਦੇ ਹਨ, ਜਦੋਂ ਮਾਪੇ ਟੁਰ ਜਾਂਦੇ ਹਨ ਤਾਂ ਸਾਡਾ ਮੌਤ ਨਾਲ ਸਿੱਧਾ ਮੁਕਾਬਲਾ ਪੈ ਜਾਂਦਾ ਹੈ।

-843-

ਜੇਕਰ ਕਿਸੇ ਇਸਤਰੀ ਨੂੰ ਫਾਂਸੀ ਵੀ ਲਾਇਆ ਜਾਵੇ ਤਾਂ ਉਹ ਪਹਿਲੇ ਹਾਰ-ਸ਼ਿੰਗਾਰ ਲਈ ਜ਼ਰੂਰ ਸਮਾਂ ਮੰਗੇਗੀ।

(ਚੈਫ਼ਰਟ)

-844-

ਗੰਭੀਰ ਮਸਲਿਆਂ ਨੂੰ ਬੇਪਰਵਾਹੀ ਨਾਲ ਤੇ ਮਾਮੂਲੀ ਮਸਲਿਆਂ ਨੂੰ ਗੰਭੀਰਤਾ ਨਾਲ ਪੇਸ਼ ਨਾ ਆਓ।

-845-

ਜੇ ਤੂੰ ਕਿਸੇ ’ਤੇ ਅਹਿਸਾਨ ਕਰ ਕੇ ਚੇਤੇ ਰੱਖੇਂਗਾ, ਉਹ ਭੁੱਲ ਜਾਵੇਗਾ। ਜੇ ਤੂੰ ਭੁੱਲ ਜਾਵੇਂ, ਉਹ ਤੇਰਾ ਅਹਿਸਾਨ ਜ਼ਰੂਰ ਚੇਤੇ ਰੱਖੇਗਾ।

-846-

ਕਦੀ ਕਦੀ ਉਹ ਵੀ ਸਮਾਂ ਆਉਂਦਾ ਹੈ, ਜਦੋਂ ਰੱਬ ਆਪਣੇ ਬੱਚਿਆਂ ਨੂੰ ਖ਼ਾਮੋਸ਼ੀ, ਸਬਰ ਤੇ ਹੰਝੂਆਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਦੇਂਦਾ।

-847-

ਨਾ ਤਾਂ ਕਿਸੇ ਨੂੰ ਜੰਗ ਵਿਚ ਜਾਣ ਦੀ ਸਲਾਹ ਦਿਓ, ਨਾ ਵਿਆਹ ਕਰਨ ਦੀ।

-848-

ਕਲਮ ਤੇ ਤੇਗ਼ ਦੋ ਹੀ ਤਾਕਤਾਂ ਹਨ, ਇਕ ਫ਼ਤਹਿ ਕਰਦੀ ਹੈ ਤੇ ਇਕ ਰਾਜ ਕਰਦੀ ਹੈ।

-849-

ਅਮਨ ਸ਼ਾਂਤੀ ਮਨੁੱਖ ਦੀ ਸਾਧਾਰਣ ਅਵਸਥਾ ਹੈ, ਲੜਾਈ ਉਸ ਦੀ ਅਧੋਗਤੀ ਤੇ ਬੇਪੱਤੀ ਦੀ।

-850-

ਅਸੀਂ ਦੂਜਿਆਂ ਨੂੰ ਦੇਵਤੇ ਬਣਿਆ ਵੇਖਣਾ ਚਾਹੁੰਦੇ ਹਾਂ, ਪਰ ਆਪ ਕਲਜੁਗੀ ਸ਼ੈਤਾਨ ਰਹਿ ਕੇ ਹੀ ਖ਼ੁਸ਼ ਹਾਂ।

-851-

ਪਿਛਾਂਹ-ਖਿੱਚੂ ਉਹ ਆਦਮੀ ਹੈ ਜੋ ਸਚਾਈ ਲਈ ਲੜਨ ਤੋਂ ਨਿਰਬਲ ਤੇ ਨੱਸ ਭੱਜਣ ਲਈ ਬੜਾ ਬਲੀ ਹੈ।

-852-

ਸਾਨੂੰ ਵਾਧੂ ਦਿਲ ਪਰਚਾਊ ਕਹਾਣੀਆਂ ਨਹੀਂ ਲਿਖਣੀਆਂ ਚਾਹੀਦੀਆਂ, ਸਮਾਜਕ ਲਾਭਾਂ ਲਈ ਵਧੇਰੇ ਰਚਨਾ ਦੀ ਲੋੜ ਹੈ।

-853-

ਸੰਜਮਮਈ ਜੀਵਨ ਬਸਰ ਕਰਨਾ ਇਕ ਵਧੀਆ ਜੀਵਨ-ਜਾਚ ਹੈ। ਸੰਜਮੀ ਹੱਥ ਕਦੇ ਵੀ ਖ਼ਾਲੀ ਨਹੀਂ ਹੁੰਦੇ।

-854-

ਸੰਸਾਰ ਵਿਚ ਤਿੰਨ ਕਿਸਮ ਦੇ ਆਦਮੀ ਹਨ, ਪਹਿਲੇ ਜੋ ਚਾਹੁੰਦੇ ਹਨ, ਦੂਜੇ ਜੋ ਚਾਹੁੰਦੇ ਨਹੀਂ ਤੀਜੇ ਜੋ ਚਾਹ ਸਕਦੇ ਨਹੀਂ। ਪਹਿਲੇ ਹਰ ਇਕ ਦੇ ਨਾਲ ਹੋ ਜਾਂਦੇ ਹਨ, ਦੂਜੇ ਵਿਰੋਧਤਾ ਕਰਦੇ, ਤੀਸਰੇ ਹਰ ਤਰ੍ਹਾਂ ਅਸਫਲ ਰਹਿੰਦੇ ਹਨ।

-855-

ਫਿਲਾਸਫੀ ਬੀਤੇ ਤੇ ਭਵਿੱਸ਼ ਦੀਆਂ ਮੁਸ਼ਕਲਾਂ 'ਤੇ ਸੌਖਿਆਂ ਫ਼ਤਹਿ ਪਾ ਲੈਂਦੀ ਹੈ, ਮਗਰ ਵਰਤਮਾਨ, ਉਲਟਾ ਫਿਲਾਸਫੀ 'ਤੇ ਹੀ ਆਪਣਾ ਪ੍ਰਭਾਵ ਪਾ ਜਾਂਦਾ ਹੈ।

-856-

ਫਿਲਾਸਫਰ ਬੇਸ਼ੱਕ ਬਣੋ, ਪ੍ਰੰਤੂ ਤੁਹਾਡੀ ਫਿਲਾਸਫੀ ਦਾ ਮਨੋਰਥ ਮਨੁੱਖ ਬਣਨਾ ਹੀ ਹੋਣਾ ਚਾਹੀਦਾ ਹੈ।

-857-

ਜੋ ਰੂਹਾਨੀਅਤ ਵਿੱਚੋਂ ਫਿਲਾਸਫੀਆਂ ਲੱਭਦਾ ਹੈ, ਉਹ ਜੀਉਂਦਿਆਂ ਵਿੱਚੋਂ ਮੋਏ ਢੂੰਡਦਾ ਤੇ ਜੋ ਫਿਲਾਸਫੀਆਂ ਵਿੱਚੋਂ ਰੂਹਾਨੀਅਤ ਖੋਜਦਾ ਹੈ, ਉਹ ਮੋਇਆਂ ਵਿੱਚੋਂ ਜੀਉਂਦੇ ਲੱਭਦਾ ਫਿਰਦਾ ਹੈ।

-858-

ਆਰਾਮ ਤਾਂ ਰੱਬ ਬਖ਼ਸ਼ਦਾ ਹੈ ਤੇ ਫ਼ੀਸ ਵਿਚਾਰੇ ਡਾਕਟਰ ਨੂੰ ਮਿਲ ਜਾਂਦੀ ਹੈ। (ਫ਼ਰੈਂਕਲਿਨ)

-859-

ਉਧਾਰੇ ਖ਼ਿਆਲ ਉਧਾਰੇ ਰੁਪਈਏ ਵਾਂਗ, ਕਰਜ਼ਦਾਰ ਦੀ ਗ਼ਰੀਬੀ ਹੀ ਪ੍ਰਗਟ ਕਰਦੇ ਹਨ।

-860-

ਜਦੋਂ ਕਵੀ ਆਪਣੇ ਹੁਨਰ ਦਾ ਗਜ਼ ਫੇਰ ਦੇਣ, ਤਾਂ ਮਾਮੂਲੀ ਸ਼ਬਦਾਂ ਵਿੱਚੋਂ ਵੀ ਸੰਗੀਤ ਦੀ ਧੁਨਕਾਰ ਛਿੜ ਪੈਂਦੀ ਹੈ।

-861-

ਹਰ ਰਾਜਸੀ ਸਵਾਲ ਸਮਾਜਕ ਹੈ ਤੇ ਹਰ ਸਮਾਜਕ ਪ੍ਰਸ਼ਨ ਮਜ਼੍ਹਬੀ ਸਵਾਲ ਹੈ। ਮਜ਼੍ਹਬ ਨੂੰ ਛੱਡ ਕੇ ਤਾਂ ਤੁਸੀਂ ਪਾਪ ਨਾਲ ਹੀ ਦੋਸਤੀ ਪਾ ਸਕਦੇ ਹੋ।

-862-

ਰੂਹ ਦਾ ਰਿਦਮ- ਰਿਲੀਜਨ-ਮਜ਼੍ਹਬ ਹੈ ਤੇ ਸ਼ਬਦਾਂ ਦਾ ਸੰਗੀਤ-ਸਾਹਿੱਤ।

-863-

ਦਾਨਾਈ ਦੀਆਂ ਗੱਲਾਂ ਕਰਨੀਆਂ ਹੋਰ ਗੱਲ ਹੈ ਤੇ ਇਸ ਦਾਨਾਈ ਨੂੰ ਸਮੇਂ ਅਨੁਸਾਰ ਵਰਤੋਂ ਵਿਚ ਲਿਆਉਣਾ ਕੁਝ ਹੋਰ ਗੱਲ ਹੈ।

-864-

ਦੁਨੀਆਂ ਦੇ ਕੰਮ ਮੋਏ ਪਰਮ-ਮਨੁੱਖਾਂ ਦੀ ਉਸਤਤਿ ਕਰਨਾ ਤੇ ਜੀਉਂਦਿਆਂ ਦੀ ਨਿੰਦਾ ਕਰਨਾ ਹੈ।

-865-

ਜ਼ਿੰਦਗੀ ਨੂੰ ਇਤਨਾ ਪਵਿੱਤਰ ਬਣਾਓ ਕਿ ਜੇ ਕੋਈ ਤੁਹਾਡੀ ਨਿੰਦਾ ਵੀ ਕਰੇ ਤਾਂ ਲੋਕ ਉਸ 'ਤੇ ਭਰੋਸਾ ਨਾ ਕਰਨ।

-866-

ਜ਼ਿੰਦਗੀ ਪ੍ਰੀਤ ਬਿਨਾਂ ਉਹ ਬੂਟਾ ਹੈ ਜਿਸ ਨੂੰ ਕੋਈ ਫਲ ਫੁੱਲ ਨਾ ਲੱਗੇ, ਪ੍ਰੇਮ ਹੁਸਨ ਬਗ਼ੈਰ ਉਹ ਫੁੱਲ ਹੈ ਜਿਸ ਵਿਚ ਸੁਗੰਧੀ ਨਾ ਹੋਵੇ।

-867-

ਪ੍ਰਸ਼ੰਸਾ ਉਨ੍ਹਾਂ ਨੂੰ ਮਿਲਦੀ ਹੈ, ਜੋ ਉਸ ਨੂੰ ਮਿਲਣਾ ਨਹੀਂ ਚਾਹੁੰਦੇ। ਜੋ ਢੂੰਡਦੇ ਫਿਰਦੇ ਹਨ, ਉਹ ਪਾ ਨਹੀਂ ਸਕਦੇ।

-868-

ਜੋ ਉਸਤਤਿ ਦੇ ਲੋਭੀ ਹਨ, ਉਹ ਖ਼ੂਬੀਆਂ ਵੱਲੋਂ ਆਮ ਤੌਰ 'ਤੇ ਗ਼ਰੀਬ ਤੇ ਨਿਰਧਨ ਹੀ ਹੁੰਦੇ ਹਨ।

-869-

ਫੁਲਾਹੁਣੀ ਦੇਣਾ ਹਰ ਕੋਈ ਜਾਣਦਾ ਹੈ, ਪਰ ਪ੍ਰਸ਼ੰਸਾ ਦੀ ਕਲਾ ਵਿਰਲਿਆਂ ਨੂੰ ਹੀ ਆਉਂਦੀ ਹੈ।

-87●-

ਸਮਾਂ ਆਦਮੀ ਤਾਂ ਹੈ ਹੀ ਨਹੀਂ ਕਿ ਜਿਸ ਨੂੰ ਅਸੀਂ ਜਾਂਦੇ ਜਾਂਦੇ ਨੂੰ ਠਹਿਰਾ ਲਈਏ। ਸਾਡਾ ਫ਼ਰਜ਼ ਇਸ ਦੇ ਲੰਘਦਿਆਂ ਲੰਘਦਿਆਂ ਹੀ ਇਸ ਦੀ ਇੱਜ਼ਤ ਕਰਨਾ ਹੈ।

-871-

ਮੈਨੂੰ ਅਭਿਮਾਨੀ ਦਾ ਇਤਿਹਾਸ ਲਿਖਣ ਲਈ ਦਿਓ, ਮੈਂ ਚੰਗਾ ਲਿਖਾਂਗਾ। ਉਹ ਪਹਿਲੇ ਅਸਮਾਨ ਵਿਚ ਦਿਨ ਗੁਜ਼ਾਰਦਾ ਹੈ, ਫਿਰ ਧਰਤੀ 'ਤੇ ਅਤੇ ਫਿਰ ਪਤਾਲ ਵਿਚ ਗ਼ਰਕ ਹੋ ਜਾਂਦਾ ਹੈ।

-872-

ਤੁਸੀਂ ਕਿਸੇ ਦੇ ਸਰੀਰ ਨੂੰ ਜ਼ਹਿਰ ਦਾ ਟੀਕਾ ਬੇਸ਼ੱਕ ਲਾ ਦਿਓ, ਪਰ ਕਿਸੇ ਦੇ ਵੀਚਾਰ ਮਲੀਨ ਨਾ ਕਰੋ।

-873-

ਜੋ ਕੇਵਲ ਵਾਅਦੇ ਕਰਦਾ ਹੀ ਜਾਂਦਾ ਹੈ, ਨਿਭਾਉਂਦਾ ਨਹੀਂ, ਉਹ ਛੇਤੀ ਹੀ ਤਕੜਾ ਕਰਜ਼ਾਈ ਹੋ ਜਾਂਦਾ ਹੈ।

-874-

ਜੋ ਇਖ਼ਲਾਕੀ ਤੌਰ 'ਤੇ ਹੀ ਗ਼ਲਤ ਹੈ, ਉਹ ਰਾਜਨੀਤਕ ਤੌਰ 'ਤੇ ਕਿਵੇਂ ਠੀਕ ਹੋ ਸਕਦਾ ਹੈ?

-875-

ਸਾਹਿੱਤ ਦਾ ਸੰਕਟ-ਕਾਲ ਉਦੋਂ ਹੁੰਦਾ ਹੈ ਜਦੋਂ ਇਸ ਨੂੰ ਸੌਦੇਬਾਜ਼ੀ, ਭੰਡੀ ਪ੍ਰਚਾਰ ਜਾਂ ਨਿੰਦਾ ਉਸਤਤਿ ਲਈ ਵਰਤਿਆ ਜਾਵੇ।

-876-

ਜਾਨਵਰ ਐਸੇ ਸਾਥੀ ਹਨ ਜੋ ਮਨੁੱਖਾਂ ਵਾਂਗ ਨਾ ਸਵਾਲ ਪਾਉਂਦੇ ਹਨ ਤੇ ਨਾ ਨੁਕਤਾਚੀਨੀ ਹੀ ਕਰਦੇ ਹਨ।

-877-

ਮੈਂ ਉਸ ਆਦਮੀ ਤੋਂ ਘਿਰਣਾ ਕਰਦਾ ਹਾਂ, ਜੋ ਲੋਕ ਸੇਵਕ ਹੋ ਕੇ ਮਾਇਆ ਜੋੜਨ ਵਿਚ ਲੱਗ ਪੈਂਦਾ ਹੈ।

(ਮੈਸੋਲੀਨੀ)

-878-

ਸੰਸਾਰ ਦੇ ਬਗ਼ੀਚੇ ਵਿਚ ਇਸ ਤਰ੍ਹਾਂ ਵਿਚਰੋ ਕਿ ਤੁਹਾਡੇ ਜਾਣ ਪਿੱਛੋਂ ਵੀ ਰੰਗ ਰੂਪ ਤੇ ਮਹਿਕ ਹਰ ਇਕ ਦੇ ਦਿਲ ਵਿਚ ਵੱਸਦੀ ਰਹੇ।

-879-

ਸੁਸਤੀ ਸਰੀਰ ਦੀ ਮੂਰਖਤਾ ਹੈ ਤੇ ਮੂਰਖਤਾ ਮਨ ਤੇ ਦਿਮਾਗ਼ ਦੀ ਸੁਸਤੀ।

-880-

ਤੁਹਾਨੂੰ ਸ਼ਾਇਦ ਪਤਾ ਨਾ ਹੋਵੇ ਅਮੀਰੋ! ਸੁਣ ਲਵੋ, 'ਬਗ਼ਾਵਤਾਂ ਕਦੀ ਪਿਛਾਂਹ ਨਹੀਂ ਮੁੜਦੀਆਂ।'

-881-

ਆਤਸ਼ਬਾਜ਼ੀ ਸਿਤਾਰਿਆਂ ਨਾਲ ਟੱਕਰ ਲੈਣ ਲਈ ਅਸਮਾਨ ਨੂੰ ਚੜ੍ਹਦੀ ਹੈ ਪਰ ਉਸ ਬੇਚਾਰੀ ਨੂੰ ਫਿਰ ਧਰਤੀ 'ਤੇ ਡਿੱਗਣਾ ਪੈਂਦਾ ਹੈ।

-882-

ਰੱਬ ਨੂੰ ਉਹ ਧਨੀ ਭਾਉਂਦੇ ਹਨ ਜਿਨ੍ਹਾਂ ਵਿਚ ਨਿਰਧਨਾਂ ਵਰਗੀ ਹਲੀਮੀ ਹੋਵੇ, ਉਹ ਨਿਰਧਨ ਵੀ ਉਸ ਨੂੰ ਪਿਆਰੇ ਲੱਗਦੇ ਹਨ ਜਿਨ੍ਹਾਂ ਦਾ ਦਿਲ ਸ਼ਾਹਾਨਾ ਹੋਵੇ।

-883-

ਅਸੀਂ ਕਿਸੇ ਨੂੰ ਫਾਂਸੀ ਦੇ ਕੇ ਠੀਕ ਨਹੀਂ ਕਰ ਸਕਦੇ। ਹਾਂ, ਦੂਜਿਆਂ ਨੂੰ ਇਸ ਨਾਲ ਜ਼ਰਾ ਕੁ ਨਸੀਹਤ ਜ਼ਰੂਰ ਦੇ ਸਕਦੇ ਹਾਂ।

-884-

ਮੈਂ ਤੁਹਾਨੂੰ ਰਾਤ ਦੀ ਖ਼ਾਮੋਸ਼ੀ ਵਿਚ ਸੱਦਾ ਦਿੱਤਾ ਕਿ ਆਓ! ਤੁਹਾਨੂੰ ਚੰਦ ਸਿਤਾਰਿਆਂ ਦੇ ਕ੍ਰਿਸ਼ਮੇ ਵਿਖਾਵਾਂ, ਪਰ ਤੁਸੀਂ ਨਾ ਜਾਗੇ।

-885-

ਆਪਣੀਆਂ ਪੁਸਤਕਾਂ ਦੀ ਪ੍ਰਸ਼ੰਸਾ ਕਰਨ ਵਾਲਾ ਲਿਖਾਰੀ ਉਸ ਮਾਂ ਵਾਂਗ ਹੈ, ਜੋ ਆਪਣੇ ਪਿਆਰੇ ਬੱਚਿਆਂ ਦੀਆਂ ਖ਼ੂਬੀਆਂ ਬਿਆਨ ਕਰ ਰਹੀ ਹੋਵੇ। (ਡਿਜ਼ਰਾਇਲੇ)

-886-

ਜੇਕਰ ਜੀਵੋ ਤਾਂ ਇਸ ਤਰ੍ਹਾਂ ਜੀਵੋ, ਜਿਵੇਂ ਸਭ ਕੁਝ ਤੁਹਾਡਾ ਹੈ, ਜੇਕਰ ਮਰੋ ਤਾਂ ਇਸ ਤਰ੍ਹਾਂ ਮਰੋ ਕਿ ਕੁਝ ਵੀ ਤੁਹਾਡਾ ਨਹੀਂ।

-887-

ਮਣਾਂ-ਮੂੰਹ ਅੰਨ ਖਾਣ ਵਾਲੇ ਮੋਟੇ ਹਾਥੀ ਨਾਲੋਂ ਦਾਣਾ-ਦੁਣਕਾ ਚੁਗ ਕੇ ਗੁਜ਼ਾਰਾ ਕਰਨ ਵਾਲੀ ਅਸਮਾਨੀਂ ਉੱਡਦੀ ਚਿੜੀ ਚੰਗੀ ਹੈ, ਜੇ ਉਹ ਆਪਣੇ ਮਾਲਕ ਨੂੰ ਯਾਦ ਕਰਦੀ ਹੋਵੇ। (ਗੁਰੂਨਾਨਕ)

-888-

ਉੱਚਾ ਕਲਾਕਾਰ ਉਹ ਹੈ ਜੋ ਕਹਿੰਦਾ ਕਹਿੰਦਾ ਕੁਝ ਅਣਕਹਿਆ ਵੀ ਛੱਡ ਜਾਵੇ ਤੇ ਪਾਠਕ ਉਸ ਨੂੰ ਆਪਣੇ ਆਪ ਬੁੱਝੇ।

-889-

ਕੀ ਤੁਸੀਂ ਬਾਰਸ਼ ਦੀ ਫਿਲਾਸਫੀ ਦੱਸ ਸਕਦੇ ਹੋ? ਦੇਖੋ, ਮਾਲਕ ਕਿਸ ਤਰਤੀਬ ਨਾਲ ਵਾਰੀ ਵਾਰੀ ਇਕ ਇਕ ਕਿਣਕੇ ਨੂੰ ਇਧਰ ਭੇਜ ਰਿਹਾ ਹੈ।

-89●-

ਜ਼ਿੰਦਗੀ ਜੋ ਸਦਾ ਦੂਜਿਆਂ ਤੋਂ ਖਿਮਾ ਦੀ ਆਸ ਕਰਦੀ ਹੈ, ਉਸ ਨੂੰ ਆਪ ਵੀ ਮਾਫ਼ ਕਰਦਿਆਂ ਰਹਿਣਾ ਚਾਹੀਦਾ ਹੈ।

-891-

ਮੇਰਾ ਪੁੱਤਰ ਉਦੋਂ ਤਕ ਮੇਰਾ ਪੁੱਤਰ ਹੈ ਜਦ ਤਕ ਉਸ ਦਾ ਵਿਆਹ ਨਹੀਂ ਹੁੰਦਾ, ਪਰ ਮੇਰੀ ਬੇਟੀ ਜੀਵਨ ਭਰ ਲਈ ਹੀ ਮੇਰੀ ਬੇਟੀ ਹੈ। (ਥਾਮਸ ਫੁਲਰ)

-892-

ਕੁਛ ਲੋਕ ਨੁਕਤਾਚੀਨੀ ਲਈ ਕਿਤਾਬਾਂ ਪੜ੍ਹਦੇ ਹਨ ਤੇ ਕੁਝ ਸ਼ਹਿਦ ਦੀ ਮੱਖੀ ਵਾਂਗ ਰਸ ਲੈਣ ਲਈ।

-893-

ਬਾਹਲੇ ਅਮੀਰ ਤੇ ਬਾਹਲੇ ਗ਼ਰੀਬ ਆਮ ਤੌਰ 'ਤੇ ਦਲੀਲ ਸੁਣਨਾ ਪ੍ਰਵਾਨ ਨਹੀਂ ਕਰਦੇ।

-894-

ਅਸੀਂ ਬਰਫ਼ ਦੇ ਬੁੱਤ ਬਣਾ ਕੇ ਫਿਰ ਰੋਣ ਬਹਿ ਜਾਂਦੇ ਹਾਂ, ਜਦੋਂ ਕਿ ਉਹ ਸਮੇਂ ਦੇ ਸੇਕ ਨਾਲ ਪਿਘਲ ਜਾਂਦੇ ਹਨ।

-895-

ਸੁਆਮੀ ! ਭਾਵੇਂ ਤੇਰੇ ਮੇਰੇ ਵਿਚ ਕੋਈ ਭੇਦ ਨਹੀਂ, ਪਰ ਤਾਂ ਵੀ ਤੂੰ ਮੇਰਾ ਨਹੀਂ, ਮੈਂ ਤੇਰਾ ਹਾਂ। ਸਮੁੰਦਰ ਦੀ ਲਹਿਰ ਹੁੰਦੀ ਹੈ, ਲਹਿਰਾਂ ਦਾ ਸਮੁੰਦਰ ਨਹੀਂ ਹੁੰਦਾ। (ਸ਼ੰਕਰਾਚਾਰਯ)

-896-

ਦਿਨ ਭਰ ਥੋਥੀ ਲੈਕਚਰਬਾਜ਼ੀ ਕਰਨ ਵਾਲੇ ਪ੍ਰੋਫ਼ੈਸਰ ਨਾਲੋਂ ਇਕ ਚੰਗੀ ਮਜ਼ਬੂਤ ਹੰਢਣਸਾਰ ਜੁੱਤੀ ਬਣਾਉਣ ਵਾਲਾ ਕਾਰੀਗਰ ਵਧੇਰੇ ਆਦਰਯੋਗ ਹੈ। (ਵਿਵੇਕਾਨੰਦ)

-897-

ਜਦ ਤਕ ਤੁਸੀਂ ਦੇਸ਼-ਭਗਤੀ ਨੂੰ ਮਨੁੰਖੀ ਦਾਇਰੇ ਵਿੱਚੋਂ ਨਹੀਂ ਕੱਢ ਸਕਦੇ, ਉਤਨਾ ਚਿਰ ਸ਼ਾਂਤੀ-ਭਰਪੂਰ ਵਿਸ਼ਵ ਦੀ ਸਥਾਪਨਾ ਅਸੰਭਵ ਹੈ। (ਬਰਨਾਰਡ ਸ਼ਾਅ)

-898-

ਖ਼ਿਆਲਾਂ ਨੇ ਸੰਸਾਰ 'ਤੇ ਕਾਬੂ ਪਾਇਆ ਹੋਇਆ ਹੈ, ਕੀ ਕੋਈ ਖ਼ਿਆਲ 'ਤੇ ਕਾਬੂ ਪਾਉਣ ਦਾ ਖ਼ਿਆਲ ਵੀ ਕਰ ਸਕਦਾ ਹੈ?

-899-

'ਮੇਰੀ ਫੋਟੋ ਮੈਥੋਂ ਵੀ ਵੱਧ ਸੁੰਦਰ ਬਣਾਉਣਾ', ਤੁਸੀਂ ਇਹ ਗੱਲ ਫੋਟੋਗ੍ਰਾਫ਼ਰ ਦੀ ਥਾਂ ਪਹਿਲੇ ਸਿੱਧੀ ਰੱਬ ਨਾਲ ਕਰਦੇ ਤਾਂ ਚੰਗਾ ਸੀ।

-900-

ਅਹੁਦੇਦਾਰੀ ਤੋਂ ਭਾਵ ਇਹ ਹੈ ਕਿ ਤੁਸੀਂ ਕਿਸੇ ਤੋਂ ਨੀਵੇਂ ਹੋ ਤੇ ਕੋਈ ਤੁਹਾਥੋਂ ਨੀਵਾਂ ਹੈ, ਦੋਹਾਂ ਨੂੰ ਧਿਰਕਾਰ।

-901-

ਜਿਸ ਆਦਮੀ ਨੇ 'ਪੜ੍ਹਨ' ਵਿਰੁੱਧ ਵੀ ਕੁਝ ਪੜ੍ਹਿਆ ਹੈ, ਉਸ ਨੇ ਵੀ ਆਖ਼ਰ ਕੁਝ ਪੜ੍ਹਿਆ ਹੀ ਹੈ।

-902-

ਜੋ ਦਲੀਲ ਦੇਣਾ ਨਹੀਂ ਜਾਣਦਾ, ਉਹ ਮੂਰਖ ਹੈ, ਜੋ ਦਲੀਲ ਦੇਣ ਦੀ ਦਲੇਰੀ ਨਹੀਂ ਕਰਦਾ, ਉਹ ਗ਼ੁਲਾਮ ਹੈ।

-903-

ਜ਼ਿੰਦਗੀ ਇਕ ਨਿੱਕਾ ਜੇਹਾ ਦਿਨ ਹੈ, ਕੰਮ ਕਰਨ ਵਾਲਾ ਦਿਨ, ਇਸ ਤੋਂ ਛੁੱਟੀ (ਮੁਕਤੀ) ਕੇਵਲ ਮੂਰਖ ਜਾਂ ਸੁਸਤ ਹੀ ਮੰਗਦੇ ਹਨ।

-904-

'ਕੱਲ' ਉਸ ਸਮੇਂ ਨੂੰ ਕਹਿੰਦੇ ਹਨ ਜਦੋਂ ਆਲਸੀ ਕੰਮ ਕਰਦੇ, ਮੂਰਖ ਸੁਧਾਰਕ ਬਣਦੇ ਤੇ ਮੁਰਦੇ ਜੀਉ ਪੈਂਦੇ ਹਨ।

-905-

ਸ਼ੈਤਾਨ ਆਪਣੇ ਚੇਲੇ ਵਿਹਲੜਾਂ ਵਿੱਚੋਂ ਤੇ ਗੁਰੂਪੈਗ਼ੰਬਰ ਆਪਣੇ ਸ਼ਾਗਿਰਦ ਕਿਸਾਨਾਂ ਮਜ਼ਦੂਰਾਂ ਵਿੱਚੋਂ ਲੱਭਦੇ ਹਨ।

-906-

ਤੁਸੀਂ ਸਿਆਣੇ ਤਾਂ ਹੀ ਹੋ ਜੇ ਆਪਣੀਆਂ ਗ਼ਲਤੀਆਂ ਤੇ ਊਣਤਾਈਆਂ ਦਾ ਇਲਮ ਵੀ ਰੱਖਦੇ ਹੋਵੋਂ, ਸਭ ਤੋਂ ਨੇੜੇ ਦੀ ਚੀਜ਼ ਦਾ ਜਾਣਨਾ ਤਾਂ ਬਹੁਤ ਜ਼ਰੂਰੀ ਹੈ।

-907-

ਭੁਲੇਖਾ ਦਿਲ ਦੀ ਉਹ ਅੰਧੇਰੀ ਰਾਤ ਹੈ, ਜਿਸ ਵਿਚ ਨਾ ਕੋਈ ਤਾਰਾ ਚਮਕਦਾ, ਨਾ ਕੋਈ ਚੰਨ ਲਿਸ਼ਕਦਾ ਹੈ।

-908-

ਇਹ ਨਾ ਵੇਖੋ ਕੋਈ ਦੀ ਖਾਂਦਾ ਹੈ, ਵੇਖੋ, ਹਜ਼ਮ ਕੀ ਕਰ ਸਕਦਾ ਹੈ। ਇਹ ਨਾ ਵੇਖੋ ਕੋਈ ਕਿਤਨਾ ਕਮਾਉਂਦਾ ਹੈ, ਇਹ ਜਾਚੋ ਬਚਾਉਂਦਾ ਕੀ ਹੈ? ਇਹ ਨਾ ਵੇਖੋ ਕੋਈ ਕੀ ਪੜ੍ਹਦਾ ਹੈ, ਇਹ ਜਾਣੋ ਕਿ ਉਸ ਯਾਦ ਕੀ ਕੀ ਕੁਝ ਰੱਖਿਆ ਹੈ?

-909-

ਖ਼ਿਆਲ ਜਮ੍ਹਾਂ ਕਰਨੇ ਫੁੱਲ ਚੁਣਨ ਵਾਂਗ ਹੈ ਤੇ ਸੋਚਣਾ ਉਨ੍ਹਾਂ ਨੂੰ ਹਾਰ ਵਿਚ ਗੁੰਦ ਦੇਣ ਵਾਂਗ।

-910-

ਸੁੰਦਰ ਹੋਣਾ ਰੱਬ ਦੀ ਪੂਰੀ ਮੇਹਰਬਾਨੀ ਹੈ, ਜਿਨ੍ਹਾਂ ਨੂੰ ਬਣਾਉਣ ਸਮੇਂ ਕਰਤਾ ਪੂਰੀ ਰੀਝ ਨਾ ਲਾ ਸਕਿਆ ਹੋਵੇ, ਉਹ ਅਸੁੰਦਰ ਰਹਿ ਜਾਂਦੇ ਹਨ।

-911-

ਕਲਾ ਕੁਦਰਤ ਤੋਂ ਅਨੰਦ ਦੀ ਸਿਖਰ ਵੱਲ ਜਾਣ ਵਾਲੀ ਪੌੜੀ ਹੈ।

-912-

ਸਾਇੰਸ ਲਈ ਨਵੀਂ ਤੋਂ ਨਵੀਂ ਰਚਨਾ ਪੜ੍ਹੋ, ਸਾਹਿੱਤਕ ਅਧਿਐਨ ਵਿਚ ਪੁਰਾਤਨ ਤੋਂ ਪੁਰਾਤਨ ਰਚਨਾ ਵੀ ਨਵੀਨ ਲੱਗੇਗੀ। (ਬਲਾਵਰ)

-913-

ਵਕਾਲਤ ਸਭ ਤੋਂ ਚੰਗਾ ਵਪਾਰ ਹੈ, ਪਰ ਇਹ ਪੇਸ਼ਾ ਸਭ ਤੋਂ ਮਾੜਾ ਹੈ।

-914-

ਦਸ ਮੀਲ ਉਪਦੇਸ਼ ਸੁਣਨ ਜਾਣ ਨਾਲੋਂ ਅੱਧਾ ਘੰਟਾ ਘਰੇ ਧਿਆਨ ਟਿਕਾ ਲੈਣਾ ਚੰਗਾ ਹੈ। ਬਹੁਤਾ ਸ਼ੌਕ ਹੈ ਤਾਂ ਕਿਸੇ ਦਾਨਸ਼ਮੰਦ ਦੇ ਬਚਨ ਪੜ੍ਹ ਲਵੋ।

-915-

ਜ਼ਿੰਦਗੀ ਵਿਚ ਕਈ ਵੇਰ ਅਜੇਹੀਆਂ ਮੇਲ ਮੁਲਾਕਾਤਾਂ ਹੋ ਜਾਂਦੀਆਂ ਹਨ, ਜੋ ਨਿਰੇ ਨਸੀਬ ਹੀ ਹੁੰਦੇ ਹਨ।

-916-

ਯਾਦ ਸ਼ਕਤੀ ਦੇ ਦੋ ਵੱਡੇ ਕੰਮ ਹਨ, ਜਮਾਂ ਕਰਦੇ ਰਹਿਣਾ ਤੇ ਫਿਰ ਵੰਡਦੇ ਰਹਿਣਾ।

-917-

ਸਾਡੇ ਅੰਦਰ ਇੱਕੋ ਵਕਤ 'ਤੇ ਕਿਤਨੇ ਹੀ ਭਾਵ ਸੁੱਤੇ ਰਹਿੰਦੇ ਹਨ, ਬਾਹਰਲੀ ਅਵਾਜ਼ ਜਾਂ ਕੋਈ ਚੋਟ ਹੀ ਉਨ੍ਹਾਂ ਨੂੰ ਜਗਾਉਂਦੀ ਹੈ।

-918-

ਜੋ ਕੁਝ ਖ਼ੁਸ਼ੀ ਖ਼ੁਸ਼ੀ ਪੜ੍ਹਿਆ ਹੋਵੇ, ਉਹ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ।

-919-

ਉਨ੍ਹਾਂ ਸਾਨੂੰ ਯਾਦ ਕਰਨ ਦੀ ਸਿੱਖਿਆ ਦਿੱਤੀ ਹੈ, ਭੁੱਲ ਜਾਣ ਦੀ ਕਿਉਂ ਨਹੀਂ ਦਿੱਤੀ? ਕਿਉਂਕਿ ਭੁੱਲਣਾ ਤਾਂ ਅਸੀਂ ਆਪਣੇ ਆਪ ਹੀ ਜਾਣਦੇ ਹਾਂ।

-920-

ਮੈਨੂੰ ਅਜਿਹਾ ਸਾਹਿੱਤਕਾਰ ਕੋਈ ਨਹੀਂ ਮਿਲਿਆ ਜਿਸ ਨੂੰ ਆਪਣੇ ਕੰਮ ਤੋਂ ਲੱਜਿਤ ਹੋਣਾ ਪਿਆ ਹੋਵੇ। (ਥੈਕਰ)

-921-

ਮੇਰੇ ਅੰਦਰ ਐਸੀ ਬ੍ਰਿਹੁੰ ਦੀ ਪੀੜ ਹੈ, ਆਖਾਂ ਤਾਂ ਜ਼ਬਾਨ ਸੜਦੀ ਹੈ, ਨਾ ਆਖਾਂ ਤਾਂ ਅੰਦਰ ਹੀ ਅੰਦਰ ਦਿਲ ਭੁੱਜਦਾ ਹੈ।

-922-

ਮੁਹੱਬਤ ਉਹ ਪਾਗਲਪਣ ਹੈ ਜੋ ਜੋਬਨ ਦੀ ਪ੍ਰਭਾਤ ਨਾਲ ਆਉਂਦਾ ਹੈ ਤੇ ਬੁਢਾਪੇ ਦੀ ਸ਼ਾਮ ਨਾਲ ਕੂਚ ਕਰ ਜਾਂਦਾ ਹੈ।

-923-

ਕਈ ਲੋਕ ਉਨ੍ਹਾਂ ਗੱਲਾਂ ਨੂੰ ਵੀ ਖੰਡਨ ਕਰਨਾ ਆਪਣਾ ਫ਼ਰਜ਼ ਸਮਝਦੇ ਹਨ, ਜਿਨ੍ਹਾਂ ਬਾਰੇ ਉਨ੍ਹਾਂ ਕਦੀ ਕੁਝ ਸੁਣਿਆ ਪੜ੍ਹਿਆ ਵੀ ਨਹੀਂ ਹੁੰਦਾ।

-924-

ਇਕ ਸੁਆਣੀ ਸੁੰਦਰੀ ਨਾਲ ਵਿਆਹ ਤੂਫ਼ਾਨ ਵਿਚ ਕਿਸ਼ਤੀ ਮਿਲ ਜਾਣ ਬਰਾਬਰ ਹੈ ਤੇ ਇਕ ਭੈੜੀ ਕੁਲੱਛਣੀ ਨਾਰ ਨਾਲ ਵਿਆਹ ਠੀਕ ਚੱਲਦੀ ਬੇੜੀ ਨੂੰ ਝੱਖੜਾਂ ਤੇ ਤੂਫ਼ਾਨਾਂ ਵਿਚ ਸੁੱਟਣ ਸਮਾਨ ਹੈ।

-925-

ਕੁਛ ਲੋਕ ਇਤਨੇ ਚਾਲਾਕ ਹਨ, ਜਿਤਨਾ ਕੁ ਸ਼ੈਤਾਨ ਬਾਰੇ ਖ਼ਿਆਲ ਕੀਤਾ ਜਾਂਦਾ ਹੈ।

-926-

ਸਿੱਧਾਂਤ ਜਾਂ ਵਾਦ ਕੁਝ ਵੀ ਨਹੀਂ, ਇਹ ਕੇਵਲ ਸਚਾਈ ਦੀ ਉਤਲੀ ਚਮੜੀ ਮਾਤ੍ਰ ਹੈ।

-927-

ਪੜ੍ਹਨਾ ਗ਼ਰੀਬ ਦੀ ਦੌਲਤ, ਅਮੀਰ ਦੀ ਸ਼ਾਨ, ਗੱਭਰੂ ਦੀ ਧਿਰ ਤੇ ਬਿਰਧ ਲਈ ਆਰਾਮਦਾਇਕ ਹੈ।

-928-

ਕੁੱਕੜ ਵਾਂਗ ਉਹ ਵੀ ਪਾਗਲ ਹੀ ਹੈ ਜੋ ਇਹ ਸਮਝਦਾ ਹੈ ਕਿ ਸੂਰਜ ਮੇਰੀ ਬਾਂਗ ਸਣਨ ਲਈ ਹੀ ਚੜ੍ਹਦਾ ਹੈ।

(ਜਾਰਜ ਇਲੀਅਟ)

-929-

ਗੁਨਾਹ ਤੋਂ ਇਨਕਾਰੀ ਹੋਣ ਦਾ ਮਤਲਬ ਹੈ, ਦੋ ਵਾਰ ਗੁਨਾਹ ਕਰਨਾ।(ਥਾਮਸ ਫੁਲਰ)

-930-

ਵਿਆਹ ਇਕ ਐਸਾ ਨਾਟਕ ਹੈ, ਜਿਸ ਵਿਚ ਨਾਇਕ ਪਹਿਲੀ ਝਾਕੀ ਵਿਚ ਹੀ ਮਾਰਿਆ ਜਾਂਦਾ ਹੈ।

-931-

ਪਿਆਰ ਕਰਨ ਵਾਲੀ ਸੁੰਦਰੀ ਕਈ ਉਹ ਬੀਰਤਾ ਦੇ ਕ੍ਰਿਸ਼ਮੇ ਦਿਖਾ ਸਕਦੀ ਹੈ, ਜੋ ਵੱਡੇ ਵੱਡੇ ਸੈਨਾਪਤੀ ਵੀ ਕਰਨੋਂ ਅਸਮਰੱਥ ਹੋਣ।

-932-

ਇਸਤਰੀ ਦੀ ਖ਼ੂਬਸੂਰਤੀ ਹਾਰ-ਸ਼ਿੰਗਾਰ ਤੇ ਕਾਂਟੇ ਚੂੜੀਆਂ ਨਹੀਂ, ਉਸ ਦਾ ਸ਼ਰਮਸ਼ੀਲ ਆਪਣਾ ਆਪ ਹੈ।

-933-

ਧਰਮ ਤੇ ਰਾਜਨੀਤੀ ਦੇ ਨੇਮਾਂ ਦੀ ਕਸਵੱਟੀ ਇਹੋ ਹੈ ਕਿ ਉਹ ਮਨੁੱਖ ਤੇ ਮਨੁੱਖ ਸਮਾਜ ਨੂੰ ਕਿੰਨਾ ਕੁ ਚੰਗਾ ਬਣਾਉਂਦੇ ਹਨ।

-934-

ਪਹਿਲੀ ਵਾਰ ਵਿਆਹ ਕਰਨਾ ਇਕ ਪਵਿੱਤਰ ਕੰਮ ਹੈ, ਦੂਜੀ ਵਾਰ ਮੂਰਖਤਾ ਤੇ ਤੀਜੀ ਵਾਰ ਤਾਂ ਪਾਗਲਪਣ ਦੀ ਹੱਦ ਹੈ।

-935-

ਜੇ ਇਹ ਸਾਰੀ ਦੁਨੀਆਂ ਮਨੁੱਖ ਲਈ ਬਣਾਈ ਗਈ ਹੈ, ਫਿਰ ਮਨੁੱਖ ਕਿਸੇ ਹੋਰ ਦੁਨੀਆਂ ਲਈ ਬਣਾਇਆ ਗਿਆ ਹੋਵੇਗਾ।

-936-

ਵੱਡਿਆਂ ਨੂੰ ਮਿਲ ਕੇ ਨਿੱਕਿਆਂ ਦਾ ਗੌਰਵ ਵੱਧ ਹੀ ਜਾਂਦਾ ਹੈ, ਜਿਵੇਂ ਮਾਮੂਲੀ ਧਾਗਾ ਵੀ ਫੁੱਲਾਂ ਵਿਚ ਪਰੁਚ ਕੇ ਸ਼ਿੰਗਾਰ ਦਾ ਕੀਮਤੀ ਸਾਮਾਨ ਹੋ ਜਾਂਦਾ ਹੈ।

-937-

ਹਰ ਮਨੁੱਖ ਕੁਦਰਤ ਦੀ ਵੱਡੀ ਪੁਸਤਕ ਦਾ ਸੁੰਦਰ ਕਾਂਡ ਹੈ, ਇਸ ਨੂੰ ਧਿਆਨ ਨਾਲ ਪੜ੍ਹੋ।

-938-

ਇਹ ਕੋਈ ਗੱਲ ਨਹੀਂ ਕਿ ਕੋਈ ਆਦਮੀ ਕਿੰਨਾ ਕੁ ਜਾਣਦਾ ਹੈ। ਜ਼ਰੂਰੀ ਗੱਲ ਇਹ ਹੈ ਕਿ ਜਾਣੇ ਗਿਆਨ ਨੂੰ ਕੋਈ ਕਿੰਨਾ ਕੁ ਵਰਤਦਾ ਹੈ।

-939-

ਤੁਸੀਂ ਸਚਾਈ ਤਕ ਸ਼ਾਇਰੀ ਰਾਹੀਂ ਪਹੁੰਚਦੇ ਹੋ, ਮੈਂ ਸ਼ਾਇਰੀ ਤਕ ਸਚਾਈ ਰਾਹੀਂ ਪੁੱਜਦਾ ਹਾਂ। (ਜਬਰਟ)

-94●-

ਤੁਸੀਂ ਇਕ ਬੁੱਢੇ ਆਦਮੀ ਨੂੰ ਜੁਆਨ ਕੁੜੀ ਦੇ ਵਾਲਾਂ ਨਾਲ ਬੰਨ੍ਹ ਸਕਦੇ ਹੋ, ਪਰ ਕੁੜੀ ਨੂੰ ਉਸ ਦੇ ਪੁਰਾਣੇ ਜਰਜਰੇ ਧੌਲਿਆਂ ਨਾਲ ਨਹੀਂ ਬੰਨ੍ਹ ਸਕਦੇ।

-941-

ਵੱਡੇ ਆਦਮੀ ਸਾਨੂੰ ਕਈ ਵਾਰ ਏਸ ਲਈ ਵੀ ਵੱਡੇ ਲੱਗਦੇ ਹਨ ਕਿ ਅਸੀਂ ਆਪ ਅਜੇ ਗੋਡਿਆਂ ਪਰਨੇ ਰਿੜ੍ਹ ਰਹੇ ਹੁੰਦੇ ਹਾਂ। (ਸਟਰਨਰ)

-942-

ਦਿਲ ਨੂੰ ਉਸ ਫੁੱਲ ਵਾਂਗ ਬਣਾਓ, ਜੋ ਤ੍ਰੇਲ-ਤੁਪਕੇ ਦੇ ਸੁਆਗਤ ਲਈ ਖਿੜਿਆ ਰਹਿੰਦਾ ਹੈ ਤੇ ਮੋਹਲੇਧਾਰ ਬਾਰਸ਼ ਸਮੇਂ ਮੋਨ ਧਾਰ ਕੇ ਮਸਤ ਹੋਇਆ ਰਹਿੰਦਾ ਹੈ।

-943-

ਇਹ ਗੱਲ ਕਹਿਣੀ ਫ਼ਜ਼ੂਲ ਹੈ ਕਿ ਇਹ ਜੰਮਿਆ ਹੀ ਖ਼ੁਸ਼ਕਿਸਮਤ ਹੈ। ਮੈਂ ਤਾਂ ਮੰਨਾਂਗਾ ਅਗਰ ਕੋਈ ਵਿਆਹ ਕਰਾ ਕੇ ਵੀ ਖ਼ੁਸ਼ਕਿਸਮਤ ਹੀ ਰਹੇ।

-944-

ਬੁੱਢੇ ਹੋਣਾ ਇਕ ਬੀਮਾਰੀ ਹੈ, ਕੰਮ ਵਾਲੇ ਆਦਮੀ ਪਾਸ ਇਸ ਲਈ ਵੇਹਲ ਨਹੀਂ।

-945-

ਵਿਆਹ ਤੋਂ ਪਹਿਲਾਂ ਅੱਖੀਆਂ ਖੁੱਲ੍ਹੀਆਂ ਰੱਖਣੀਆਂ ਚਾਹੀਦੀਆਂ ਹਨ, ਵਿਆਹ ਪਿੱਛੋਂ ਅੱਧ-ਖੁੱਲ੍ਹੀਆਂ।

-946-

ਚੰਗੇ ਸਬਕ ਪੜ੍ਹਨ ਨਾਲ ਨਹੀਂ ਆਉਂਦੇ, ਸਗੋਂ ਗ਼ਲਤੀਆਂ ਕਰਨ, ਬਰਾਬਰ ਠੋਕਰਾਂ ਖਾਣ ਨਾਲ ਆਉਂਦੇ ਹਨ।

-947-

ਰੱਬ ਕਸ਼ਟਾਂ ਦੀ ਕੌੜੀ ਦਾਰੂ ਸਾਡੇ ਰੋਗਾਂ ਨੂੰ ਹਰਨ ਲਈ ਹੀ ਭੇਜਦਾ ਹੈ।

-948-

ਸਿਆਣਾ ਆਦਮੀ ਕਦੀ ਗ਼ਲਤੀ ਕਰ ਬਹਿੰਦਾ ਹੈ, ਪਰ ਮੂਰਖ ਉਸ ਨੂੰ ਜਾਰੀ ਰੱਖਣ ਵਿਚ ਖ਼ੁਸ਼ ਰਹਿੰਦਾ ਹੈ।

-949-

ਇਸ ਹੁਨਰ ਨੂੰ ਸਮਝੋ ਕਿ ਜ਼ਿੰਦਗੀ ਵਿਚ ਨਿੱਕੀਆਂ ਨਿੱਕੀਆਂ ਗੱਲਾਂ ਦਾ ਵੀ ਕਿਵੇਂ ਲੁਤਫ਼ ਲਈਦਾ ਹੈ।

-950-

ਕੰਠ ਵਿਦਿਆ ਜੇਬੀ ਘੜੀ ਵਾਂਗ ਹੈ, ਜਦ ਮਰਜ਼ੀ ਹੈ ਵੇਖ ਲਵੋ, ਪਰ ਇਸ ਨੂੰ ਚਾਬੀ ਜ਼ਰੂਰ ਦਿਓ।

(ਚੈਸਟਰ ਫ਼ੀਲਡ)

-951-

ਕਰਜ਼ਾ ਦੇਣਾ-ਲੈਣਾ ਦੋਵੇਂ ਗੱਲਾਂ ਮਾੜੀਆਂ ਹਨ। ਦੇਣ ਵਾਲਾ ਅਹੰਕਾਰੀ ਤੇ ਲੈਣ ਵਾਲਾ ਕਮਜ਼ੋਰ ਮੁਥਾਜ ਸਿੱਧ ਹੁੰਦਾ ਹੈ, ਜੇ ਮੰਗ ਬੈਠੇ ਤਾਂ ਦੁਸ਼ਮਨ ਵੀ ਬਣ ਜਾਂਦਾ ਹੈ।

-952-

ਸ਼ਖ਼ਸੀ ਆਜ਼ਾਦੀ ਦਾ ਭਾਵ ਕਾਨੂੰਨ ਦੀ ਹੱਦਬੰਦੀ ਵਿਚ ਰਹਿੰਦਿਆਂ ਤੇ ਦੂਜਿਆਂ ਦੀ ਆਜ਼ਾਦੀ ਦਾ ਖ਼ਿਆਲ ਰੱਖਦਿਆਂ ਮਨਮਰਜ਼ੀ ਅਨੁਸਾਰ ਚੱਲਣਾ ਹੈ।

-953-

ਸਰਮਾਏਦਾਰੀ ਉਹ ਚੋਰ ਔਰਤ ਹੈ, ਜੋ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਿਰਤੀਆਂ ਦੇ ਸੰਦ ਇਹ ਆਖ ਕੇ ਚੁਰਾਂਦੀ ਰਹਿੰਦੀ ਹੈ ਕਿ ਮੈਂ ਇਨ੍ਹਾਂ ਨੂੰ ਸੰਭਾਲ ਕੇ ਰੱਖਾਂਗੀ।

-954-

ਜੋ ਆਦਮੀ ਪ੍ਰਭਾਤ ਦੇ ਨਗ਼ਮਿਆਂ ਦਾ ਸੁਆਗਤ ਨਹੀਂ ਕਰਦਾ, ਉਹ ਅੰਧੇਰੇ ਦਾ ਸ਼ਹਿਜ਼ਾਦਾ ਹੈ।

(ਖ਼ਲੀਲ ਜਿਬਰਾਨ)

-955-

ਚਾਨਣ ਸੱਚਾਈ ਦਾ ਬਾਹਰਲਾ ਚਿੰਨ੍ਹ ਹੈ ਜਾਂ ਫਿਰ ਰੱਬ ਦਾ ਨੂਰਾਨੀ ਜਲਵਾ।

-956-

ਪੁਸਤਕਾਂ ਲੇਖਕ ਦੀਆਂ ਪ੍ਰਤੀਨਿਧ ਜ਼ਰੂਰ ਹੁੰਦੀਆਂ ਹਨ, ਪਰ ਲੇਖਕ ਉਨ੍ਹਾਂ ਨਾਲੋਂ ਵੀ ਵੱਡਾ ਹੁੰਦਾ ਹੈ।

-957-

ਕਾਲੇ ਕਾਲੇ ਕੋਇਲੇ ਉਂਜ ਤਾਂ ਚੰਗੇ ਨਹੀਂ ਲੱਗਦੇ, ਪਰ ਵੱਡੇ ਇੰਜਨ ਚਲਾਉਣ ਲਈ ਇਨ੍ਹਾਂ ਦੀ ਲੋੜ ਪੈਂਦੀ ਹੈ।

(ਐਮਰਸਨ)

-958-

ਕਿੰਨਾ ਸਮਾਂ ਹੈ ਜਦੋਂ ਅਸੀਂ ਜੀਵਨ ਨੂੰ ਜਾਣਦੇ ਤੇ ਮਾਣਦੇ ਹਾਂ। ਬਚਪਨ ਬੇਪਰਵਾਹੀਆਂ ਵਿਚ ਲੰਘ ਜਾਂਦਾ ਹੈ, ਜੁਆਨੀ ਅੱਗੇ ਅੱਗੇ ਤਾਂਘਦੀ ਤੇ ਬੁਢਾਪਾ ਪਿੱਛੇ ਪਿੱਛੇ ਤੱਕਦਾ ਟੁਰ ਜਾਂਦਾ ਹੈ।

-959-

'ਸੱਚ' ਦੈਵੀ ਸ਼ਬਦ ਹੈ ਤੇ 'ਕਰਤੱਵ' ਦੈਵੀ ਕਾਨੂੰਨ।

-96●-

ਜੋ ਆਦਮੀ ਆਪਣੀਆਂ ਸੁਣਾਉਣ ਵਿਚ ਹੀ ਲੱਗਾ ਰਹਿੰਦਾ ਹੈ, ਪਰਖ ਕਰਾ ਵੇਖੋ, ਉਹ ਜ਼ਰੂਰ ਬੋਲਾ ਹੋਵੇਗਾ।

-961-

ਸਾਡੀ ਸੁਰਤ ਉਸ ਤਰ੍ਹਾਂ ਦੀ ਬਣ ਜਾਂਦੀ ਹੈ, ਜਿਸ ਤਰ੍ਹਾਂ ਦੀਆਂ ਚੀਜ਼ਾਂ ਨੂੰ ਅਸੀਂ ਪਿਆਰਦੇ ਹੋਈਏ

-962-

ਮੈਂ ਉਨ੍ਹਾਂ ਲੋਕਾਂ ਵਿਚ ਨਹੀਂ, ਜੋ ਪਿਆਰ ਨੂੰ ਪਹਿਲੀ ਤੱਕਣੀ ਦੀ ਸ਼ੈ ਸਮਝਦੇ ਹਨ। ਮੇਰਾ ਖ਼ਿਆਲ ਹੈ ਕਿ ਦੂਜੀ ਵਿਚ ਉਸ ਤੋਂ ਵੀ ਵਧੇਰੇ ਰਸ ਹੈ।

-963-

ਕਵਿਤਾ ਕਦੀ ਵੀ ਪੜ੍ਹਨੀ ਨਹੀਂ ਚਾਹੀਦੀ, ਸਦਾ ਗਾਉਣੀ ਹੀ ਚਾਹੀਦੀ ਹੈ।

-964-

ਜ਼ਿੰਦਗੀ ਪੁਸ਼ਪ ਹੈ ਤੇ ਪਿਆਰ ਇਸ ਵਿੱਚੋਂ ਨਿਕਲਿਆ ਮਹਿਕ-ਭਰਿਆ ਮਧੁਰ ਮਕਰੰਦ।

-965-

ਕੋਈ ਆਦਮੀ ਸਭੇ ਗੱਲਾਂ ਛਿਪਾ ਸਕਦਾ ਹੈ ਪਰ ਦੋ ਨਹੀਂ-ਇਕ ਮਦਰਾਪਾਨ, ਦੂਜਾ ਪ੍ਰੀਤਿ-ਰੁਝਾਨ।

(ਐਂਟੀ ਫ਼ੇਨੀਸ)

-966-

ਜੇਕਰ ਤੁਹਾਨੂੰ ਕੋਈ ਨਹੀਂ ਪਿਆਰਦਾ, ਇਹ ਤੁਹਾਡਾ ਆਪਣਾ ਕਸੂਰ ਹੈ।

-967-

ਪਾਪ ਪਾਸ ਬੜੇ ਹਥਿਆਰ ਹਨ ਪ੍ਰੰਤੂ ਝੂਠ ਉਸ ਦਾ ਅਜ਼ਮਾਇਆ ਹੋਇਆ ਹਥਿਆਰ ਹੈ।

-968-

ਕੁਛ ਲੋਕ ਮੌਜ ਮੇਲੇ ਲਈ ਝੂਠ ਬੋਲ ਜਾਂਦੇ ਹਨ, ਪਰ ਇਹ ਵੀ ਅੱਧਾ ਗੁਨਾਹ ਹੈ।

-969-

ਜੋ ਝੂਠ ਬੋਲਣ ਤੋਂ ਡਰਦਾ ਹੈ, ਉਹ ਕਿਸੇ ਵੀ ਗੱਲ ਤੋਂ ਨਹੀਂ ਡਰ ਸਕਦਾ।

-970-

ਵਗਦੀਆਂ ਪੌਣਾਂ ਵਿਚ ਮਹਾਂ ਸੰਗੀਤ ਦਾ ਨਾਦ ਛੁਪਿਆ ਹੋਇਆ ਹੈ, ਕਦੀ ਕਦੀ ਇਹ ਇਉਂ ਰੁਕ ਜਾਂਦੀਆਂ ਹਨ ਜਿਵੇਂ ਕੋਈ ਭੁੱਲੀ ਤੁਕ ਯਾਦ ਕਰ ਰਹੀਆਂ ਹੋਣ। (ਗੇ੍)

-971-

ਸੁੰਦਰਤਾ ਤੋਂ ਪਰ੍ਹੇ ਨਾ ਕੋਈ ਧਰਮ ਹੈ ਤੇ ਨਾ ਹੀ ਸਾਇੰਸ।

-972-

ਦੁਸ਼ਮਨ ਤੋਂ ਬਚਾਅ ਤਾਂ ਮੈਂ ਆਪ ਕਰ ਸਕਦਾ ਹਾਂ, ਪਰ ਧੋਖੇਬਾਜ਼ ਤੋਂ ਮੇਰਾ ਬਚਾਉ ਕੇਵਲ ਰੱਬ ਹੀ ਕਰ ਸਕਦਾ ਹੈ।

-973-

ਇਹ ਧਨ ਦੌਲਤ ਦੁਖਦਾਈ ਨਹੀਂ, ਦੌਲਤ ਦਾ ਮੋਹ ਦੁੱਖਾਂ ਤੇ ਪਰੇਸ਼ਾਨੀਆਂ ਦਾ ਜ਼ਰੂਰ ਮੂਲ ਹੈ।

-974-

ਜਿੰਨਾ ਚਿਰ ਇਨਸਾਨ ਪਸ਼ੂਆਂ ਨੂੰ ਦੁਖ ਦੇ ਸਕਦੇ ਹਨ, ਉਨ੍ਹਾਂ ਦਾ ਮਾਸ ਖਾ ਸਕਦੇ ਹਨ, ਸੰਸਾਰ ਜੰਗਾਂ ਤੋਂ ਰਿਹਾਈ ਨਹੀਂ ਪਾ ਸਕਦਾ।

-975-

ਕੁਝ ਲੋਕ ਆਪਣਾ ਆਪਾ ਤਿਆਰ ਕਰਦੇ ਹਨ, ਕੁਛ ਮਹਿਲ ਮਾੜੀਆਂ ਤੇ ਖ਼ਜ਼ਾਨੇ। ਇਨ੍ਹਾਂ ਵਿਚ ਬੜਾ ਫ਼ਰਕ ਹੈ।

-976-

ਦੇਖੋ ਕਿੰਨੀ ਹੈਰਾਨੀ ਹੈ, ਨਵੀਂ ਤਹਿਜ਼ੀਬ ਵਾਲੇ ਉਬਲੇ ਆਂਡਿਆਂ ਵਿੱਚੋਂ ਚੂਚੇ ਕੱਢਣ ਦੀ ਆਸ ਲਾਈ ਬੈਠੇ ਹਨ।

(ਟੈਗੋਰ)

-977-

ਨਿਆਂਕਾਰ ਲਈ ਚਾਰ ਗੱਲਾਂ ਜ਼ਰੂਰੀ ਹਨ – ਸਤਿਕਾਰ ਸਹਿਤ ਸਭ ਨੂੰ ਸੁਣਨਾ, ਨਿਪੁੰਨਤਾ ਨਾਲ ਜਵਾਬ ਦੇਣਾ, ਸ਼ਾਂਤੀ ਨਾਲ ਸੋਚਣਾ, ਨਿਰਪੱਖਤਾ ਨਾਲ ਨਿਰਣਾ ਕਰਨਾ।

-978-

ਜ਼ਿੰਦਗੀ ਵਿਚ ਕਦੀ ਕਦਾਈਂ ਗ਼ਲਤੀਆਂ ਇਸ ਲਈ ਹੁੰਦੀਆਂ ਹਨ ਕਿ ਜਦੋਂ ਵੀਚਾਰਵਾਨ ਹੋਣਾ ਚਾਹੀਦਾ ਹੈ ਉਦੋਂ ਅਸੀਂ ਜਜ਼ਬਾਤੀ ਹੋ ਜਾਂਦੇ ਹਾਂ ਤੇ ਜਦੋਂ ਜਜ਼ਬਾਤ ਅਧੀਨ ਹੋਣ ਦੀ ਜ਼ਰੂਰਤ ਹੁੰਦੀ ਹੈ ਤਾਂ ਅਸੀਂ ਗੰਭੀਰ ਸੋਚਵਾਨ ਬਣ ਬਹਿੰਦੇ ਹਾਂ। (ਜਾਨ ਕਾਰਲਿਸ)

-979-

ਜ਼ਿੰਦਗੀ ਦੇ ਦੋ ਰੂਪ ਹਨ - ਯੱਖ ਹੋਇਆ ਦਰਿਆ ਤੇ ਭੜਕਦਾ ਸ਼ੋਲਾ। ਭੜਕਦੇ ਸ਼ੁਅਲੇ ਦਾ ਨਾਂ ਮੁਹੱਬਤ ਹੈ, 'ਪ੍ਰਭੂ ! ਮੈਨੂੰ ਇਸੇ ਪਵਿੱਤਰ ਅਗਨੀ ਦੀ ਖ਼ੁਰਾਕ ਬਣਾ।'

-98●-

ਸੰਗੀਤ ਪੈਗ਼ੰਬਰਾਂ ਦਾ ਹੁਨਰ ਹੈ, ਇਹੋ ਰੂਹ ਨੂੰ ਬਹਿਸ਼ਤ ਵਿੱਚੋਂ ਧਰਤੀ 'ਤੇ ਲਿਆਉਂਦਾ ਹੈ ਤੇ ਇਹੋ ਮੁੜ ਬਹਿਸ਼ਤ ਵਿਚ ਪਹੁੰਚਾਉਂਦਾ ਹੈ।

-981-

ਇਸ ਅਸਮਾਨ ਨੂੰ ਢਾਹ ਕੇ ਕੋਈ ਨਵਾਂ ਬਣਾਓ, ਮੇਰੀ ਤਬੀਅਤ ਇਸ ਪੁਰਾਣੀ ਛੱਤ ਤੋਂ ਅੱਕ ਥੱਕ ਗਈ ਹੈ।

(ਹਾਫ਼ਿਜ਼)

-982-

ਮਿੱਤਰਤਾ ਦਾ ਕੋਈ ਵਿਧਾਨ ਨਹੀਂ, ਇਹ ਹਕੂਮਤ ਆਈਨਸਾਜ਼ਾਂ ਜਾਂ ਵਿਧਾਨਕਾਰਾਂ ਦੀ ਮੁਹਤਾਜ ਨਹੀਂ।

-983-

ਜੇ ਮੁਹੱਬਤ ਧਨ ਦੌਲਤ ਨਾਲ ਖ਼ਰੀਦੀ ਦਾ ਸਕਦੀ ਤਾਂ ਕਈ ਰਾਵਣ ਤੇ ਦੁਰਜੋਧਨ, ਰਾਂਝੇ ਮਹੀਂਵਾਲ ਬਣੇ ਹੁੰਦੇ।

-984-

ਸੰਸਾਰ ਦੇ ਕਾਰਖ਼ਾਨੇ ਵਿਚ ਹਰ ਮਨੁੱਖ ਨੂੰ ਕੰਮ-ਧੰਦਾ ਕਰਨਾ ਪੈਂਦਾ ਹੈ। ਜੇ ਨਾ ਕਰੇ ਉਸ ਦਾ ਉੱਜ ਧੰਦਾ ਹੋ ਜਾਂਦਾ ਹੈ।

-985-

ਸਭ ਤੋਂ ਉੱਚੇ ਦਰਜੇ ਦੀ ਪੂਜਾ ਇਹ ਹੈ ਕਿ ਆਪਣੇ ਸੁਆਮੀ ਅੱਗੇ, ਪੂਜਾ ਪ੍ਰਾਰਥਨਾ ਵੀ ਭੁੱਲ ਜਾਵੇ।

-986-

ਝੂਠ ਕੋਈ ਅਜੇਹੀ ਪੁਸ਼ਾਕ ਨਹੀਂ, ਜੋ ਸਾਡੀਆਂ ਗ਼ਲਤੀਆਂ ਛਿਪਾ ਸਕੇ।

-987-

ਈਸਾ ਜੀ ਦੀ ਮਾਂ ਨੇਕੀ ਦਾ ਪਿਓ ਸੀ।

-988-

ਜੁਆਨੀ, ਮਨੁੱਖ ਦੀ ਕਿਸਮਤ ਬਣਨ ਦਾ ਬਸੰਤੀ ਮੌਸਮ ਹੈ।

-989-

ਜਦੋਂ ਅਸੀਂ ਜੁਆਨਾਂ ਨਾਲ ਹਮਦਰਦੀ ਵੀ ਨਾ ਕਰ ਸਕੀਏ, ਸਮਝਣਾ ਚਾਹੀਦਾ ਹੈ ਕਿ ਸਾਡਾ ਸਮਾਂ ਲੰਘ ਗਿਆ ਹੈ।

-99●-

ਜ਼ਹਿਰ ਦਾ ਪਿਆਲਾ ਇਕ ਬੰਦਾ ਨੂੰ ਮਾਰੇਗਾ, ਜ਼ਹਿਰੀਲੀ ਮੰਦੀ ਕਿਤਾਬ ਹਰ ਪਾਠਕ ਦੀ ਸੀਨਾ ਵਲੂੰਧਰ ਸਕਦੀ ਹੈ।

-991-

ਜੇ ਮੈਨੂੰ ਤੁਸੀਂ ਪੁੱਛੋਂ, ਪ੍ਰੀਤਿ ਦਾ ਸਹੀ ਮੌਸਮ ਕਿਹੜਾ ਹੈ, ਤਾਂ ਮੈਂ ਜੁਆਨੀ ਵੱਲ ਇਸ਼ਾਰਾ ਕਰਾਂਗਾ।

-992-

ਪਿਆਰ ਮਨੁੰਖ ਦੀ ਜ਼ਿੰਦਗੀ ਦਾ ਅੱਧਾ ਭਾਗ ਹੈ ਤੇ ਇਸਤਰੀ ਸਾਰੀ ਹੀ ਇਸੇ ਤੋਂ ਬਣੀ ਹੈ।

-993-

ਖ਼ਿਦਮਤ ਤਾਂ ਸ਼ਾਇਦ ਤੁਸੀਂ ਹਰ ਇਕ ਦੀ ਕਰ ਸਕੋਂ, ਪਰ ਪਿਆਰ ਕੇਵਲ ਇਕ ਨੂੰ ਹੀ ਕਰ ਸਕਦੇ ਹੋ।

-994-

ਓ ਪ੍ਰੀਤਮ ! ਤੂੰ ਮੇਰੇ ਮਨ ਮੰਦਰ ਵਿਚ ਆ, ਨਹੀਂ ਤਾਂ ਮੈਂ ਇਸ ਦਾ ਤਿਆਗ ਕਰਨ ਲਈ ਬੇਬਸ ਹੋਵਾਂਗਾ।

-995-

ਕਿਸੇ ਨੇ ਕਿਹਾ, 'ਮੇਰਾ ਗਿਰਜਾ ਹੀ ਰੱਬ ਦਾ ਅਸਲੀ ਘਰ ਹੈ।' ਦੂਜੇ ਨੇ ਕਿਹਾ, 'ਆਪਣੇ ਪਾਣੀ ਦੇ ਟੱਬ ਵਿਚ ਥੋੜ੍ਹਾ ਜਿਹਾ ਲੂਣ ਮਿਲਾ ਲਓ ਤੇ ਆਖੋ ਇਹ ਸਮੁੰਦਰ ਹੈ।'

-996-

ਮੈਂ ਮਾਮੂਲੀ ਬਾਂਸ ਦੀ ਪੋਰੀ ਤੇਰੀ ਵੰਝਲੀ ਹਾਂ, ਮੇਰਾ ਸੰਗੀਤ ਕੇਵਲ ਤੇਰੇ ਬੁੱਲ੍ਹਾਂ ਦੀ ਛੁਹ ਦੀ ਗੂੰਜ ਹੈ।

-997-

ਹਰ ਆਦਮੀ ਆਪਣੇ ਮਜ਼੍ਹਬ ਨੂੰ ਸੱਚਾ ਤੇ ਠੀਕ ਅਤੇ ਆਪਣੇ ਬੱਚੇ ਨੂੰ ਪਰਮ ਸੁੰਦਰ ਰਮਣੀਕ ਸਮਝਦਾ ਹੈ। ਕਾਸ਼ ! ਕਿ ਉਹ ਹੋਰਾਂ ਨੂੰ ਵੀ ਇਉਂ ਦੇਖੇ।

-998-

'ਜੀਵਨ ਅਮਰ ਹੈ', ਇਹ ਗੱਲ ਜਾਨਣ ਲਈ ਮੈਂ ਬਾਰ ਬਾਰ ਪ੍ਰਾਣ ਤਿਆਗਾਂ ਗਾ।

-999-

ਹੱਥਾਂ ਨਾਲ ਕੰਮ ਕਰਨ ਵਾਲਾ ਕਿਰਤੀ, ਹੱਥ ਤੇ ਦਿਮਾਗ਼ ਦੋਹਾਂ ਨਾਲ ਕਾਰ ਕਰਨ ਵਾਲਾ ਕਾਰੀਗਰ ਤੇ ਦਿਮਾਗ਼ ਨਾਲ ਆਤਮਾ ਨੂੰ ਵੀ ਮੇਲ ਕੇ ਕ੍ਰਿਸ਼ਮੇ ਕਰਨ ਵਾਲਾ ਕਲਾਕਾਰ ਹੁੰਦਾ ਹੈ।

-1●●●-

ਚੜ੍ਹਦੇ ਸੂਰਜ ਦੀ ਵਿਰੋਧਤਾ ਕਰਨ ਲਈ ਮਨੁੰਖ ਆਪਣੇ ਹੀ ਦਰਵਾਜ਼ੇ ਬੰਦ ਕਰ ਸਕਦਾ ਹੈ।

-1●●1-

ਤੁਸੀਂ ਰੱਬ ਅੱਗੇ ਦੁੱਖਾਂ ਦਾ ਹੀ ਚਿੱਠਾ ਖੋਲ੍ਹ ਕੇ ਨਾ ਬਹਿ ਜਾਓ, ਉਸ ਦੀਆਂ ਮਿਹਰਬਾਨੀਆਂ ਨੂੰ ਯਾਦ ਕਰ ਲਿਆ ਕਰੋ।

-1●●2-

ਮੇਰੇ ਨਾਲ ਕਿਸੇ ਨੂੰ ਰਸ਼ਿਕ ਨਹੀਂ, ਕਿਉਂਕਿ ਮੈਂ ਕਿਸੇ ਤੋਂ ਵੀ ਵੱਡਾ ਨਹੀਂ।

-1●●3-

ਮਨੁੱਖੀ ਸਭਿਆਚਾਰ ਦੇ ਪਸਾਰ ਲਈ ਜ਼ਬਾਨ ਤੇ ਹੱਥ ਦੋ ਕਰਾਮਤੀ ਸਾਧਨ ਹਨ। ਹੱਥਾਂ ਨਾਲ ਕਲਮ ਚਲਾਈ ਜਾਂਦੀ ਹੈ। ਈਮਾਨ ਦਾ ਤੀਰ ਜ਼ਬਾਨ ਦੀ ਤਰਕਸ਼ ਉੱਤੇ ਰੱਖ ਕ ਚਲਾਇਆ ਜਾਂਦਾ ਹੈ, ਕਵਿਤਾ ਦੀ ਉਚਾਰਣ ਤੇ ਗਾਇਕੀ ਜ਼ਬਾਨ ਦਾ ਹੀ ਚਮਤਕਾਰ ਹੈ। ਜ਼ਬਾਨ ਦੀ ਸਵਾਰੀ ਕਰਕੇ ਹੀ ਗਿਆਨ ਆਪਣਾ ਚਾਨਣ ਦੂਰ-ਦੂਰ ਫੈਲਾਉਂਦਾ ਹੈ। ਸਾਡੇ ਅਰਮਾਨ ਵੀ ਇਸੇ ਪੰਛੀ ਦੇ ਪਰਾਂ 'ਤੇ ਉੱਡਦੇ ਹਨ।

-1●●4-

ਜੋ ਲੋਕ ਜਾਨਣਾ ਛੱਡ ਕੇ ਮਾਨਣਾ ਵੀ ਨਹੀਂ ਜਾਣਦੇ, ਉਹ ਪੱਥਰ ਹਨ। ਇਸੇ ਤਰ੍ਹਾਂ ਕਈ ਕਠੋਰ ਜਾਬਰ, ਕੁਤਬਖ਼ਾਨੇ ਫੂਕਣ ਤੇ ਕਲਾ ਮੰਦਰ ਢਾਹੁਣ ਵਿਚ ਉਮਰ ਭਰ ਲੱਗੇ ਰਹੇ। ਇਤਿਹਾਸ ਉਨ੍ਹਾਂ ਦਾ ਨਾਮ ਆਦਰ ਨਾਲ ਲੈ ਕੇ ਰਾਜ਼ੀ ਨਹੀਂ।

-1●●5-

ਭੇਦ-ਭਰੀ ਗੱਲ ਕਦੀ ਕਾਗ਼ਜ਼ 'ਤੇ ਨਾ ਲਿਖੋ, ਪਤਾ ਨਹੀਂ ਇਹ ਕਦੋਂ ਕਿਥੇ ਉੱਡ ਜਾਵੇ।

-1●●6-

ਸਾਊ ਆਦਮੀ ਹਮੇਸ਼ਾਂ ਆਪਣੇ ਸੰਬੰਧੀ ਗੱਲ ਕਰਨ ਲੱਗਿਆਂ ਸ਼ਰਮਾਉਂਦਾ ਹੈ, ਮੂਰਖ ਦਾ ਮਜ਼ਮੂਨ ਹੀ ਆਪਣਾ ਆਪ ਹੁੰਦਾ ਹੈ।

-1●●7-

ਮਨੁੱਖ ਦੀ ਸਾਰੀ ਕਵਿਤਾ, ਸੰਗੀਤ, ਚਿੱਤ੍ਰਕਲਾ, ਧਰਮ ਤੇ ਗਿਆਨ, ਸਾਗਰ ਪਾਰ ਦੇ ਪੰਛੀ ਵਾਂਗ ਸਦਾ ਆਲ੍ਹਣੇ ਦੀ ਤਲਾਸ਼ ਵਿਚ ਰਹਿੰਦਾ ਹੈ।

-1●●8-

ਜਿਸ ਘਰ ਕਦੀ ਕਦਾਈਂ ਵੀ ਮਹਿਮਾਨ ਨਹੀਂ ਆਉਂਦੇ, ਉਹ ਘਰ ਕਬਰਸਤਾਨ ਹੀ ਹੈ।

-1●●9-

ਮਨੁੱਖ ਦੇ ਬਣਾਏ ਰੀਤਿ-ਮਰਯਾਦਾ ਦੇ ਬੰਧਨ ਦੋ ਹੀ ਤੋੜ ਸਕਦੇ ਹਨ, ਕੋਈ ਮਸਤਾਨਾ ਦੀਵਾਨਾ ਜਾਂ ਅਤਿਅੰਤ ਬੁੱਧੀਮਾਨ।

-1●1●-

ਜਦ ਮਾਲਕ ਨੇ ਮੈਨੂੰ ਗੀਟੀ ਵਾਂਗ ਝੀਲ ਵਿਚ ਵਗਾਹ ਕੇ ਮਾਰਿਆ ਤਾਂ ਮੈਂ ਅਨੇਕਾਂ ਲਹਿਰਾਂ ਉਠਾਈਆਂ ਪਰ ਜਿਉਂ ਜਿਉਂ ਮੈਂ ਗਹਿਰਾਈ ਵਿਚ ਗਿਆ, ਸ਼ਾਂਤ ਹੁੰਦਾ ਗਿਆ।

-1011-

ਤੁਸੀਂ ਕਿਸੇ ਨੂੰ ਆਪਣੀ ਸੋਝੀ ਮੁਤਾਬਿਕ ਹੀ ਜਾਣ ਸਕਦੇ ਹੋ ਤੇ ਤੁਹਾਡੀ ਸੁਝ-ਬੂਝ ਕਿੰਨੀ ਕੁ ਹੈ, ਇਹ ਖ਼ੁਦ ਅੰਦਾਜ਼ਾ ਲਾ ਲਓ।

-1012-

ਨਫ਼ਰਤ ਇਕ ਮੁਰਦਾ ਲਾਸ਼ ਹੈ, ਇਸ ਨੂੰ ਅੰਦਰ ਰੱਖ ਕੇ ਕੌਣ ਆਪਣੇ ਆਪ ਨੂੰ ਸ਼ਮਸ਼ਾਨ ਘਾਟ ਬਣਾ ਸਕਦਾ ਹੈ।

-1013-

ਮੈਨੂੰ ਉਹ ਆਦਮੀ ਵਿਖਾਓ ਜੋ ਇਕੱਲਾ ਸੁਰਗ ਚਲਾ ਗਿਆ ਹੋਵੇ, ਮੈਂ ਤੁਹਾਨੂੰ ਸਾਬਤ ਕਰ ਕੇ ਦੱਸਾਂਗਾ ਕਿ ਉਸ ਨੂੰ ਅੱਗੇ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਹੋਵੇਗਾ।

-1014-

ਉਹ ਕਹਿੰਦੇ ਹਨ, ਆਤਮਾ ਦੀ ਪਛਾਣ ਕਰੋ, ਵਿਸ਼ਵ ਆਪਣੇ ਆਪ ਸਮਝ ਵਿਚ ਆ ਜਾਵੇਗਾ, ਮੈਂ ਕਹਿੰਦਾ ਹਾਂ, ਵਿਸ਼ਵ ਨੂੰ ਪਛਾਣੋ, ਆਤਮ-ਪਛਾਣ ਆਪੇ ਆ ਜਾਵੇਗੀ। (ਖ਼ਲੀਲ ਜਿਬਰਾਨ)

-1015-

ਤੋਹਫ਼ਿਆਂ ਤੇ ਸੁਗ਼ਾਤਾਂ ਦੇ ਗਾਹਕ ਪਹਿਲੇ ਰਾਜਿਆਂ ਅੱਗੇ ਨਜ਼ਰਾਨ ਰੱਖਦੇ ਸਨ ਤੇ ਅੱਜਕੱਲ੍ਹ ਭਿਖਾਰੀਆਂ ਅੱਗੇ ਦਾਨ ਭੇਟ ਕਰ ਕੇ ਆਪਣੀ ਪ੍ਰਸ਼ੰਸਾ ਲੱਭਦੇ ਹਨ।

-1016-

ਧਰਤੀ ਨੂੰ ਤੁਸੀਂ ਕਿਤੋਂ ਵੀ ਪੁੱਟੋ, ਤੁਹਾਨੂੰ ਖ਼ਜ਼ਾਨੇ ਮਿਲਣਗੇ, ਕੇਵਲ ਕਿਸਾਨ ਵਾਲਾ ਈਮਾਨ ਚਾਹੀਦਾ ਹੈ।

-1017-

ਜਦ ਤੁਸੀਂ ਆਪਣਾ ਭੇਤ ਪੌਣ ਰਾਣੀ ਨੂੰ ਦੱਸ ਦਿਓਗੇ ਤਾਂ ਰੁੱਖਾਂ ਬਿਰਖਾਂ ਪਾਸ ਤਾਂ ਆਪੇ ਪੁੱਜ ਜਾਵੇਗਾ।

-1018-

ਰੇਤ ਦਾ ਕਿਣਕਾ ਮਾਰੂਥਲ ਹੈ ਤੇ ਮਾਰੂਥਲ ਵੀ ਕਿਣਕਾ-ਮਾਤਰ ਹੀ ਹੈ, ਇਹ ਸਮਝ ਕੇ ਸ਼ਾਂਤ ਰਹੋ।

-1019-

ਕੁਟਿਲਤਾ, ਕਿਤੇ ਕਿਤੇ ਕਾਮਯਾਬ ਹੋ ਜਾਂਦੀ ਹੈ ਪਰ ਵਧੇਰੇ ਆਤਮਘਾਤ ਹੀ ਕਰਦੀ ਹੈ।

-1020-

ਅਸਲ ਭਲਾ ਲੋਕ ਉਹੋ ਹੈ, ਜੋ ਬੁਰਾ ਸਮਝੇ ਜਾਣ ਵਾਲੇ ਲੋਕਾਂ ਦੇ ਵੀ ਬਰਾਬਰ ਬਹਿ ਸਕਦਾ ਹੈ।

-1021-

ਅੰਧੇਰੀ ਰਾਤ ਦਾ ਸਫ਼ਰ ਤੈਅ ਕੀਤੇ ਬਿਨਾਂ ਉਸ਼ਾ ਪਾਸ ਪਹੁੰਚਣਾ ਕਠਿਨ ਹੀ ਹੈ।

-1022-

ਜਦ ਦੋ ਤ੍ਰੀਮਤਾਂ ਗੱਲਾਂ ਕਰ ਰਹੀਆਂ ਹੋਣ ਤਾਂ ਮਜ਼ਮੂਨ ਕੁਝ ਵੀ ਨਹੀਂ ਹੁੰਦਾ, ਪਰ ਜਦੋਂ ਇਕ ਤ੍ਰੀਮਤ ਇਕੱਲਿਆਂ ਬੋਲਦੀ ਹੈ ਤਾਂ ਉਹ ਜੀਵਨ ਦੇ ਭੇਤ ਖੋਲ੍ਹਦੀ ਜਾਂਦੀ ਹੈ। (ਖ਼ਲੀਲ ਜਿਬਰਾਨ)

-1023-

ਜੇ ਇਕ ਬ੍ਰਿਛ ਆਪਣੀ ਆਤਮ ਕਥਾ ਲਿਖਣ ਲੱਗੇ ਤਾਂ ਉਹ ਕਿਸੇ ਕੌਮ ਦੇ ਸੰਗ੍ਰਾਮੀ ਇਤਿਹਾਸ ਤੋਂ ਘੱਟ ਨਹੀਂ।

-1024-

ਕਵੀ ਗੱਦੀਓਂ ਲੱਥੇ ਬਾਦਸ਼ਾਹ ਵਾਂਗ ਹੈ ਜੋ ਆਪਣੇ ਮਹਿਲ ਦੇ ਖੋਲਿਆਂ ਵਿਚ ਬੈਠਾ, ਕਲਪਨਾ ਦਾ ਮਹਿਲ ਉਸਾਰਦਾ ਰਹਿੰਦਾ ਹੈ।

-1025-

ਤੁਹਾਡੀ ਵਧੀਆ ਪੁਸ਼ਾਕ ਉਹ ਹੈ ਜੋ ਦੂਜੇ ਨੇ ਬੁਣੀ ਹੈ, ਵਧੀਆ ਭੋਜਨ ਉਹ ਹੈ ਜੋ ਤੁਸਾਂ ਦੂਜੇ ਦੇ ਮੇਜ਼ 'ਤੇ ਖਾਧਾ। ਫਿਰ ਤੁਸੀਂ ਦੂਜਿਆਂ ਨਾਲੋਂ ਕਿਵੇਂ ਵੱਖ ਹੋ ਸਕਦੇ ਹੋ। (ਖ਼ਲੀਲ ਜਿਬਰਾਨ)

-1026-

ਸੂਰਜ ਵੱਲ ਪਿੱਠ ਕਰ ਕੇ ਤਾਂ ਆਪਣੀ ਛਾਇਆ ਹੀ ਦੇਖੀ ਜਾ ਸਕਦੀ ਹੈ।

-1027-

ਹਰ ਆਦਮੀ ਦੋ ਇਸਤਰੀਆਂ ਨਾਲ ਪ੍ਰੇਮ ਕਰਦਾ ਹੈ, ਇਕ ਕਲਪਨਾ ਦੀ ਰਾਣੀ ਤੇ ਇਕ ਜੋ ਅਜੇ ਪ੍ਰਗਟ ਨਹੀਂ ਹੋਈ।

-1028-

ਮੈਂ ਇਕ ਵਾਰ ਲਾਜਵਾਬ ਹੋਇਆ ਹਾਂ ਜਦੋਂ ਕਿ ਮੇਰੇ ਹੀ ਸਾਥੀ ਮਨੁੱਖ ਨੇ ਮੈਨੂੰ ਪੁੱਛਿਆ ਕਿ ਤੁਸੀਂ ਕੌਣ ਹੁੰਦੇ ਹੋ। (ਖ਼ਲੀਲ ਜਿਬਰਾਨ)

-1029-

ਪੜ੍ਹਾਈ ਤੋਂ ਸਸਤਾ ਕੋਈ ਮਨੋਰੰਜਨ ਨਹੀਂ ਤੇ ਨਾ ਹੀ ਕੋਈ ਖ਼ੁਸ਼ੀ। (ਚੈਪਿਲ)

-1030-

ਵਧੀਆ ਗਵੱਈਆ ਉਹ ਹੈ ਜੋ ਸਾਡੇ ਜਜ਼ਬਾਤ ਨੂੰ ਤਰੰਨਮ ਵਿਚ ਬੰਨ੍ਹ ਸਕੇ।

-1031-

ਅਗਿਆਨ ਬਦਕਿਸਮਤੀ ਦਾ ਮੁੱਢ ਹੈ, ਬੁਝੜ ਰਹਿਣ ਨਾਲੋਂ ਨਾ ਜੰਮਣਾ ਚੰਗਾ ਹੈ। (ਪਲੈਟੋ)

-1032-

ਉਹ ਅਹੰਕਾਰ, ਅਹੰਕਾਰ ਨਹੀਂ ਜੋ ਆਤਮਾ ਦੀ ਸ਼ਾਨ ਪ੍ਰਗਟਾਵੇ, ਉਹ ਹਲੀਮੀ, ਹਲੀਮੀ ਨਹੀਂ, ਜੋ ਆਤਮਾ ਨੂੰ ਹੀਣਾ ਬਣਾ ਕੇ ਦਿਖਾਵੇ। (ਰਾਮ ਕ੍ਰਿਸ਼ਨ ਪਰਮਹੰਸ)

-1033-

ਮਨੁੱਖ ਦੇ ਤਿੰਨ ਰੂਪ ਹਨ- ਪਹਿਲਾ ਉਹ ਜਿਸ ਤਰ੍ਹਾਂ ਉਹ ਆਪਣੇ ਆਪ ਨੂੰ ਸਮਝਦਾ ਹੈ, ਦੂਜਾ ਉਹ ਜਿਵੇਂ ਉਸ ਨੂੰ ਦੂਜੇ ਸਮਝਦੇ ਹਨ, ਤੀਸਰਾ ਉਹ ਜਿਸ ਤਰ੍ਹਾਂ ਦਾ ਕਿ ਉਹ ਖ਼ੁਦ ਅਸਲ ਵਿਚ ਹੁੰਦਾ ਹੈ।

-1034-

ਖ਼ੁਸ਼ੀ ਨੂੰ ਅੰਦਰੋਂ ਲੱਭਣਾ ਜ਼ਰੂਰ ਔਖਾ ਕੰਮ ਹੈ, ਪਰ ਇਸ ਨੂੰ ਕਿਸੇ ਹੋਰ ਥਾਂ ਤੋਂ ਪਾ ਸਕਣਾ ਵੀ ਅਸੰਭਵ ਹੈ। (ਸ਼ੌਪਨਹਾਰ)

-1035-

ਸਾਰੀਆਂ ਦਵਾਈਆਂ ਦੀ ਮਾਂ ਪ੍ਰਹੇਜ਼ਗਾਰੀ ਅਤੇ ਆਰਾਮ ਕਰਨਾ ਹੈ।

-1036-

ਜਦ ਪਤੰਗਾ ਰੌਸ਼ਨੀ ਦੇਖ ਲਵੇ, ਫਿਰ ਉਹ ਅੰਧੇਰੇ ਵੱਲ ਕਦੀ ਨਹੀਂ ਜਾਂਦਾ।

-1037-

ਕਠਿਨਾਈਆਂ ਤੇ ਔਕੜਾਂ ਵਿਚ ਪੈ ਕੇ ਹੀ ਕਿਸੇ ਸਿੱਧਾਂਤ ਦੀ ਪਰਖ ਹੁੰਦੀ ਹੈ, ਉੱਜ ਕਿਵੇਂ ਪਤਾ ਲੱਗ ਸਕਦਾ ਹੈ ਕਿ ਇਹ ਸਹੀ ਈਮਾਨ ਹੈ। (ਫ਼ੀਲਡਿੰਗ)

-1038-

ਕ੍ਰੋਧੀ ਆਦਮੀ ਦਾ ਮੂੰਹ ਖੁੱਲ੍ਹਾ ਤੇ ਅੱਖਾਂ ਬੰਦ ਹੁੰਦੀਆਂ ਹਨ। (ਕੈਟੋ)

-1039-

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਮਰਨ ਬਾਅਦ ਵੀ ਲੋਕ ਯਾਦ ਕਰਨ ਤਾਂ ਕੋਈ ਦਿਲਚਸਪ ਪੋਥੀ ਲਿਖ ਜਾਓ ਜਾਂ ਕੋਈ ਹੋਰ ਪ੍ਰਸ਼ੰਸਾਯੋਗ ਕਾਰਨਾਮਾ ਕਰ ਜਾਓ। (ਫ੍ਰੈਂਕਲਿਨ)

-1040-

ਨਫ਼ਰਤ ਕਰਨਾ ਸ਼ੈਤਾਨ ਦਾ ਕੰਮ ਹੈ, ਮਾਫ਼ ਕਰਨਾ ਇਨਸਾਨ ਦਾ ਅਤੇ ਪ੍ਰੇਮ-ਪਿਆਰ ਦੇਵਤਿਆਂ ਦੀ ਕਾਰ ਹੈ।

-1041-

ਬਿਰਤੀ ਦਾ ਵਿਕਾਸ ਤਾਂ ਏਕਾਂਤ ਵਿਚ ਹੀ ਹੁੰਦਾ ਹੈ, ਪਰ ਆਚਰਣ ਦਾ ਵਿਕਾਸ ਜੀਵਨ ਦੇ ਝੱਖੜਾਂ ਤੂਫ਼ਾਨਾਂ ਵਿਚ ਹੀ ਸੰਭਵ ਹੈ। (ਗਿਟੇ)

-1042-

ਫਿਲਾਸਫੀ ਦੀ ਮਾਮੂਲੀ ਜਾਣਕਾਰੀ ਨਾਸਤਿਕ ਬਣਾਉਂਦੀ ਹੈ ਤੇ ਗੰਭੀਰ ਜਾਣਕਾਰੀ ਆਸਤਿਕਤਾ ਨੂੰ ਪੱਕਿਆਂ ਕਰਦੀ ਹੈ। (ਬੇਕਨ)

-1043-

ਜੇ ਧਰਮ ਦੀ ਮੌਜੂਦਗੀ ਵਿਚ ਮਨੁੱਖ ਦਾ ਇਤਨਾ ਭੈੜਾ ਹਾਲ ਹੈ ਤਾਂ ਗ਼ੈਰ-ਹਾਜ਼ਰੀ ਵਿਚ ਕੀ ਹੋਵੇਗਾ, ਇਹ ਤੁਸੀਂ ਸੋਚ ਸਕਦੇ ਹੋ। (ਫ੍ਰੈਂਕਲਿਨ)

-1044-

ਮਨੁੱਖ ਦੁੱਖਾਂ ਸੰਤਾਪਾਂ ਦੀ ਅੱਗ ਵਿਚ ਇਤਨਾ ਗ੍ਰਸਿਆ ਪਿਆ ਹੈ ਕਿ ਅਖ਼ੀਰ ਉਸ ਨੂੰ ਆਰਾਮ ਚੈਨ ਲਈ ਹਾਸ-ਬਿਲਾਸ ਦੀ ਕਾਢ ਕੱਢਣੀ ਪਈ। (ਨਿਟਸ਼ੇ)

-1045-

ਨਾਰੀ ਸਾਰੀ ਸ੍ਰਿਸ਼ਟੀ ਰਚਨਾ ਦਾ ਤੱਤਸਾਰ ਹੈ। (ਕਨਫ਼ਯੂਸ਼ਿਸ)

-1046-

ਨਾਰੀ ਪਿਆਰ ਕਰਦੀ ਹੈ ਜਾਂ ਨਫ਼ਰਤ, ਦਰਮਿਆਨਾ ਰਾਹ ਉਸ ਲਈ ਅਗਿਆਤ ਹੈ। (ਸਾਇਰਸ਼)

-1047-

ਮੈਨੂੰ ਖ਼ੁਸ਼ੀ ਹੈ ਕਿ ਮੈਂ ਆਦਮੀ ਨਹੀਂ, ਜੇ ਆਦਮੀ ਹੁੰਦਾ ਤਾਂ ਮੈਨੂੰ ਜ਼ਰੂਰ ਕਿਸੇ ਨਾਰੀ ਦਾ ਆਸਰਾ ਲੈਣਾ ਪੈਂਦਾ। (ਮੈਡਮ 'ਦ ਸਟੀਲ)

-1048-

ਸਾਬਤ ਬੀ ਬੀਜਣ ਨਾਲ ਹੀ ਹਰਿਆਲੀ ਝਲਕਦੀ ਹੈ, ਦੋਫਾੜ ਦਾਲ ਬੀਜ ਕੇ ਕੋਈ ਕਿਵੇਂ ਹਰਿਆਵਲ ਦੇ ਦਰਸ਼ਨ ਕਰ ਸਕਦਾ ਹੈ। (ਗੁਰੂਨਾਨਕ)

-1049-

ਪੁਰਾਣੇ ਲੋਕ ਨਾਸਤਿਕ ਉਸ ਨੂੰ ਕਹਿੰਦੇ ਸਨ ਜਿਨ੍ਹਾਂ ਦਾ ਰੱਬ 'ਤੇ ਵਿਸ਼ਵਾਸ ਨਹੀਂ ਸੀ, ਨਵੀਂ ਦੁਨੀਆਂ ਨਾਸਤਿਕ ਉਨ੍ਹਾਂ ਨੂੰ ਸਮਝਦੀ ਹੈ ਜੋ ਆਤਮ-ਵਿਸ਼ਵਾਸ ਤੋਂ ਸੱਖਣੇ ਹਨ।

-1050-

ਨੀਚ ਆਦਮੀ ਦੀ ਨਿਮਰਤਾ ਵੀ ਮਾਰੂਹੁੰਦੀ ਹੈ, ਜਿਵੇਂ ਕਿ ਅੰਕੁਸ਼, ਧਨੁੱਖ, ਸੱਪ ਤੇ ਬਿੱਲੀ ਝੁੱਕ ਕੇ ਹੀ ਵਾਰ ਕਰਦੇ ਹਨ। (ਬਾਲਮੀਕ)

-1051-

ਤੁਸੀਂ ਆਪਣੇ ਆਪ ਨੂੰ ਇਤਨਾ ਪਵਿੱਤਰ ਰੱਖੋ ਕਿ ਜੇ ਕੋਈ ਤੁਹਾਡੀ ਨਿੰਦਾ ਵੀ ਕਰੇ ਤਾਂ ਵੀ ਲੋਕ ਉਸ 'ਤੇ ਇਤਬਾਰ ਨਾ ਕਰਨ।

-1052-

ਚੋਲਾ ਭਾਵੇਂ ਪੁਰਾਣਾ ਪਾਓ, ਪਰ ਝੋਲਾ ਨਵੀਆਂ ਕਿਤਾਬਾਂ ਨਾਲ ਭਰ ਕੇ ਰੱਖੋ।

-1053-

ਕੋਈ ਵਿਅਕਤੀ ਸਮਾਜ ਦਾ ਤ੍ਰਿਸਕਾਰਿਆ ਫਿਲਾਸਫਰ, ਰਾਜ ਦਾ ਠੁਕਰਾਇਆ ਬਾਗ਼ੀ ਅਤੇ ਆਪਣੇ ਪਰਿਵਾਰ ਦਾ ਧਿਰਕਾਰਿਆ ਸੰਤ ਮਹਾਤਮਾ ਬਣ ਜਾਂਦਾ ਹੈ।

-1054-

ਸੰਸਾਰ ਵਿਚ ਤੁਹਾਡਾ ਕੋਈ ਮਿੱਤਰ ਨਹੀਂ, ਕੋਈ ਵੈਰੀ ਨਹੀਂ, ਇਹ ਤੁਹਾਡੀ ਆਪਣੀ ਵਰਤੋਂ ਹੈ ਜੋ ਤੁਹਾਨੂੰ ਇਹ ਬਣਾ ਕੇ ਦਿੰਦੀ ਹੈ। (ਚਾਣਕਯ)

-1055-

ਰੱਬ ਤਾਂ ਸਾਰੇ ਹੀ ਦੇਖਦਾ ਹੈ ਪਰ ਜਦ ਸਾਨੂੰ ਇਹ ਗੱਲ ਦਿੱਸ ਪਵੇ ਤਾਂ ਹੀ ਲਾਭ ਹੈ।

-1056-

ਮੈਨੂੰ ਇਸ 'ਤੇ ਕਦੀ ਅਫ਼ਸੋਸ ਨਹੀਂ ਹੋਇਆ ਕਿ ਮੈਂ ਚੁੱਪ ਕਿਉਂ ਰਿਹਾ, ਕਈ ਵਾਰ ਇਸ 'ਤੇ ਜ਼ਰੂਰ ਅਫ਼ਸੋਸ ਹੁੰਦਾ ਹੈ ਕਿ ਮੈਂ ਬੋਲਿਆ ਕਿਉਂ।

-1057-

ਆਪਣੇ ਨਾਲੋਂ ਵਡੇਰੇ ਘਰਾਣੇ ਵਿਚ ਵਿਆਹ ਕਰਨਾ ਆਪਣੀ ਆਜ਼ਾਦੀ ਵੇਚਣਾ ਹੈ।(ਮੈਸੰਜਰ)

-1058-

ਪ੍ਰੇਮ, ਵਿਆਹ ਦੀ ਪ੍ਰਭਾਤ ਹੈ ਤੇ ਵਿਆਹ ਪ੍ਰੇਮ ਦੀ ਸ਼ਾਮ।

-1059-

ਕੁਆਰੀਆਂ ਕੁੜੀਆਂ ਜੀਵਨ-ਸਾਥੀ ਤੋਂ ਸਿਵਾ ਕੁਝ ਵੀ ਨਹੀਂ ਚਾਹੁੰਦੀਆਂ ਪਰ ਜੀਵਨ-ਸਾਥੀ ਮਿਲਣ ਉਪਰੰਤ ਸਭ ਕੁਝ ਚਾਹੁਣ ਲੱਗ ਪੈਂਦੀਆਂ ਹਨ। (ਸ਼ੈਕਸਪੀਅਰ)

-1060-

ਬੁਢਾਪੇ ਵਿਚ ਝੁਰੜੀਆਂ ਜ਼ਰੂਰ ਪੈਂਦੀਆਂ ਹਨ ਪਰ ਦਿਲ ਦਿਮਾਗ਼ 'ਤੇ ਇਹ ਲੀਕ ਨਾ ਪੈਣ ਦਿਓ ਤਾਂ ਕਿ ਆਤਮਾ ਬੁਢਾਪੇ ਦਾ ਸ਼ਿਕਾਰ ਨਾ ਹੋਵੇ। (ਜੇਮਜ਼ ਗਾਰਫ਼ੀਲਡ)

-1061-

ਮਿਹਤਮੰਦ ਸਰੀਰ ਆਤਮਾ ਲਈ ਮਹਿਮਾਨਖ਼ਾਨਾ ਹੈ ਤੇ ਰੋਗੀ ਸਰੀਰ ਇਸ ਤਰ੍ਹਾਂ ਦਾ ਜੇਲ੍ਹਖ਼ਾਨਾ। (ਬੇਕਰ)

-1062-

ਬਿਨਾਂ ਸ਼ਿਸ਼ਟਾਚਾਰ ਦੇ ਨਾ ਹੁਸਨ ਦਾ ਕੋਈ ਮੁੱਲ ਹੈ ਅਤੇ ਨਾ ਹੀ ਦੌਲਤ ਜਾਂ ਇਲਮ ਦਾ। ਦੌਲਤ ਮਿਹਨਤ ਦੀ ਪੈਦਾਵਾਰ ਹੈ, ਇਸ ਲਈ ਮਿਹਨਤ ਨੂੰ ਮਲਕਾ ਮੁਅੱਜ਼ਮ ਮੰਨਣਾ ਮੁਨਾਸਬ ਹੀ ਹੈ।

-1063-

ਜੰਗ ਵਿਚ ਜਾਣ ਤੇ ਵਿਆਹ ਕਰਾਉਣ ਦੀ ਕਦੀ ਕਿਸੇ ਨੂੰ ਸਲਾਹ ਨਾ ਦਿਓ। (ਸਪੇਨੀ ਲੋਕੋਕਤੀ)

-1064-

ਰੱਬ ਧਨ ਦੌਲਤ ਉਨ੍ਹਾਂ ਨੂੰ ਹੀ ਦਿੰਦਾ ਹੈ ਜਿਨ੍ਹਾਂ ਨੂੰ ਹੋਰ ਕੋਈ ਚੰਗੀ ਚੀਜ਼ ਨਹੀਂ ਦਿੱਤੀ ਹੁੰਦੀ। (ਬਾਈਬਲ)

-1065-

ਜਦ ਤੁਸੀਂ ਬਾਜ਼ਾਰ ਵਿਚ ਕੋਈ ਖ਼ਰੀਦੋ-ਫ਼ਰੋਖ਼ਤ ਲਈ ਜਾਓ ਤਾਂ ਕੰਨਾਂ ਦੀ ਥਾਂ ਅੱਖਾਂ ਦੀ ਵਰਤੋਂ ਵਧੇਰੇ ਕਰੋ।

-1066-

ਮੈਂ ਆਪਣੀਆਂ ਮੰਗਾਂ ਉਮੰਗਾਂ ਦਾ ਦਮਨ ਕਰ ਕੇ ਹੀ ਖ਼ੁਸ਼ੀ ਪ੍ਰਾਪਤ ਕੀਤੀ ਹੈ, ਇਨ੍ਹਾਂ ਨੂੰ ਪੂਰਿਆਂ ਕਰ ਕੇ ਨਹੀਂ।

(ਜੌਹਨ ਸਟੂਅਰਟ ਮਿਲ)

-1067-

ਹੁਸਨ ਇਕ ਅਦੁੱਤੀ ਸ਼ਕਤੀ ਹੈ ਤੇ ਮੁਸਕਰਾਹਟ ਇਸ ਦਾ ਵਧੀਆ ਹਥਿਆਰ।

-1068-

ਜਹਾਨ ਦੇ ਬਹੁਤੇ ਝਗੜੇ ਜ਼ੁਬਾਨ ਦੀ ਕਮਾਣ ਵਿੱਚੋਂ ਹੀ ਨਿਕਲਦੇ ਹਨ। (ਚਾਰਲਸ ਰੀਡ)

-1069-

ਜੇ ਆਦਰਸ਼ ਤੇ ਉਦੇਸ਼ ਸਹੀ ਨਾ ਹੋਵੇ, ਤਾਂ ਗਿਆਨ ਵੀ ਗੁਨਾਹ ਬਣ ਜਾਂਦਾ ਹੈ। (ਪਲੈਟੋ)

-1070-

ਜਿਨ੍ਹਾਂ ਨੂੰ ਵਧੀਆ ਗ਼ੁਫਤਗੂ(ਬੋਲ-ਚਾਲ) ਨਹੀਂ ਆਉਂਦੀ, ਉਹ ਆਮ ਤੌਰ 'ਤੇ ਵਧੇਰੇ ਰੌਲਾ ਪਾਉਂਦੇ ਹਨ।

-1071-

ਪਿਆਰ ਕਰਨਾ ਤੇ ਜਿੱਤ ਜਾਣਾ ਚੰਗੀ ਖੇਡ ਹੈ, ਪਰ ਪਿਆਰ ਕਰਨਾ ਤੇ ਹਾਰ ਜਾਣਾ ਵੀ ਕੋਈ ਮਾੜੀ ਖੇਡ ਨਹੀਂ।

(ਅਸਕਰ ਵਾਇਲਡ)

-1072-

ਗਿਆਨ ਜਦੋਂ ਇਤਨਾ ਅਭਿਮਾਨੀ ਹੋ ਜਾਵੇ ਕਿ ਉਹ ਰੋ ਨਾ ਸਕੇ, ਇਤਨਾ ਗੰਭੀਰ ਹੋ ਜਾਵੇ ਕਿ ਹੱਸ ਵੀ ਨਾ ਸਕੇ ਤੇ ਇਤਨਾ ਸ੍ਵੈ-ਕੇਂਦ੍ਰਿਤ ਹੋ ਜਾਵੇ ਕਿ ਆਪਣੇ ਤੋਂ ਸਿਵਾ ਕਿਸੇ ਹੋਰ ਦੀ ਚਿੰਤਾ ਹੀ ਨਾ ਕਰੇ ਤਾਂ ਅਜੇਹਾ ਗਿਆਨ ਅਗਿਆਨ ਨਾਲੋਂ ਵੀ ਵਧੇਰੇ ਖ਼ਤਰਨਾਕ ਸਿੱਧ ਹੁੰਦਾ ਹੈ। (ਖ਼ਲੀਲ ਜਿਬਰਾਨ)

-1073-

ਤੁਸੀਂ ਹੱਥਾਂ ਤੋਂ ਪਹਿਲਾਂ ਦਿਮਾਗ਼ ਨੂੰ ਹਥਿਆਰਬੰਦ ਜ਼ਰੂਰ ਕਰੋ। (ਗੋਰਕੀ)

-1074-

ਜੇ ਜਿੱਤ ਯਕੀਨੀ ਹੋਵੇ, ਹਰ ਕੋਈ ਲੜ ਸਕਦਾ ਹੈ ਪਰ ਜਦ ਹਾਰ ਯਕੀਨੀ ਦਿੱਸਦੀ ਹੋਵੇ, ਉਸ ਸਮੇਂ ਜੂਝਣਾ ਕਾਮਲ ਮਰਦਾਂ ਦਾ ਕੰਮ ਹੈ। (ਇਲੀਅਟ)

-1075-

ਸਭਿਅਤਾ ਉਦੋਂ ਖ਼ਤਰਿਆਂ ਵਿਚ ਪੈ ਜਾਂਦੀ ਹੈ ਜਦੋਂ ਉਨ੍ਹਾਂ ਲੋਕਾਂ ਨੂੰ ਆਦੇਸ਼ ਦੇਣ ਦਾ ਅਧਿਕਾਰ ਮਿਲ ਜਾਂਦਾ ਹੈ, ਜਿਨ੍ਹਾਂ ਕਦੀ ਕੋਈ ਆਦੇਸ਼ ਮੰਨਿਆ ਹੀ ਨਹੀਂ ਹੁੰਦਾ। (ਕਨਫ਼ਯੂਸ਼ਿਸ)

-1076-

ਬੁੱਧੀ ਦੀ ਸੀਮਾ ਤਾਂ ਹੈ ਪਰ ਮੂਰਖਤਾ ਦੀ ਕੋਈ ਹੱਦ ਨਹੀਂ। (ਐਮਰਸਨ)

-1077-

ਨਾਰੀ ਰੱਬੀ ਸੁਗ਼ਾਤ ਹੈ ਜੋ ਰੱਬ ਨੇ ਮਨੁੱਖ ਨੂੰ ਉਸ ਸਮੇਂ ਪ੍ਰਦਾਨ ਕੀਤੀ ਜਦ ਕਿ ਇਸ ਦਾ ਸੁਰਗ ਗੁਆਚ ਗਿਆ ਸੀ। (ਗਿਟੇ)

-1078-

ਜੇ ਚੰਗੇ ਵਿਚਾਰਾਂ 'ਤੇ ਅਮਲ ਨਾ ਕੀਤਾ ਜਾਵੇ, ਤਾਂ ਇਹ ਸੁਪਨਿਆਂ ਤੋਂ ਵੱਧ ਨਹੀਂ। (ਐਮਰਸਨ)

-1079-

ਸੂਮ ਆਦਮੀ ਅੰਨ੍ਹਾ ਹੁੰਦਾ ਹੈ ਕਿਉਂਕਿ ਉਹ ਦੌਲਤ ਤੋਂ ਸਿਵਾ ਹੋਰ ਕੁਝ ਨਹੀਂ ਦੇਖਦਾ। ਫ਼ਜ਼ੂਲ ਖ਼ਰਚੀ ਕਰਨ ਵਾਲਾ ਵੀ ਅੰਨ੍ਹਾ ਹੁੰਦਾ ਹੈ, ਜੋ 'ਕੱਲ੍ਹ' ਨੂੰ ਨਹੀਂ ਦੇਖਦਾ। ਜੋਬਨਵੰਤੀ ਵੇਸ਼ਵਾ ਵੀ ਅੰਨ੍ਹੀ ਹੈ, ਜੋ ਬੁਢਾਪੇ ਦੀਆਂ ਝੁਰੜੀਆਂ ਨੂੰ ਦ੍ਰਿਸ਼ਟੀਗੋਚਰ ਨਹੀਂ ਕਰਦੀ। ਵਿਦਵਾਨ ਵੀ ਅੰਨ੍ਹਾ ਹੁੰਦਾ ਹੈ ਜਦੋਂ ਕਿ ਉਹ ਆਪਣੇ ਅਗਿਆਨ ਨੂੰ ਨਹੀਂ ਦੇਖ ਸਕਦਾ। (ਵਿਕਟਰ ਹਿਊਗੋ)

-1080-

ਸੁੰਦਰਤਾ ਨਾ ਪੁਰਸ਼ ਵਿਚ ਹੈ, ਨਾ ਨਾਰੀ ਵਿਚ। ਇਹ ਤਾਂ ਪਿਆਰ ਦੇ ਉਸ ਪਲ ਮਾਤਰ ਵਿਚ ਹੈ ਜੋ ਅਚਾਨਕ ਦੋਹਾਂ 'ਤੇ ਖੰਭ ਫੈਲਾ ਕੇ ਛਾ ਜਾਂਦਾ ਹੈ।

-1081-

ਇਕ ਅਸਫਲ ਚੋਰ ਨਿਰਾਸ਼ ਹੋ ਕੇ ਚੋਰਾਂ ਨੂੰ ਫੜਾਉਣ ਵਾਲਾ ਬਣ ਜਾਂਦਾ ਹੈ, ਤਿਵੇਂ ਕੋਈ ਨਿਰਾਸ਼ ਹੋਇਆ ਲੇਖਕ, ਆਲੋਚਕ ਵੀ ਬਣ ਬਹਿੰਦਾ ਹੈ। (ਸ਼ੈਲੇ)

-1082-

ਵਿਸ਼ਵਾਸ ਤੇ ਪ੍ਰੇਮ ਵਿਚ ਇਕ ਗੱਲ ਦੀ ਸਮਾਨਤਾ ਹੈ ਕਿ ਦੋਹਾਂ ਵਿੱਚੋਂ ਕੋਈ ਜ਼ਬਰਦਸਤੀ ਨਹੀਂ ਉਪਜਾਇਆ ਜਾ ਸਕਦਾ। (ਸ਼ੌਪਨਹਾਇਰ)

-1083-

ਮੈਨੂੰ ਇਹ ਗੱਲ ਬੜੀ ਦੇਰ ਬਾਅਦ ਸਮਝ ਆਈ ਕਿ 'ਜੀ, ਮੈਨੂੰ ਪਤਾ ਨਹੀਂ ਕਹਿਣਾ ਕਿਤਨਾ ਅੱਛਾ ਤੇ ਠੀਕ ਹੈ। (ਸਪਰ ਸੇਟ ਮਾਮ)

-1084-

ਚਤੁਰਾਈ ਦਰਬਾਰੀ ਅਹਿਲਕਾਰਾਂ ਦਾ ਗੁਣ ਹੈ, ਪਰ ਸੰਤਾਂ ਫ਼ਕੀਰਾਂ ਲਈ ਇਹ ਔਗੁਣ ਹੈ। (ਸ਼ੇਖ਼ ਸਾਅਦੀ)

-1085-

ਜੇ ਤੁਸੀਂ ਸਮਝਦੇ ਹੋ ਕਿ ਅਸਾਡੇ ਵਿਚ ਕੋਈ ਊਣਤਾਈ ਜਾਂ ਖ਼ਾਮੀ ਨਹੀਂ, ਤਾਂ ਜਾਣ ਲਓ-ਅਜਿਹਾ ਸਮਝਣਾ ਵੀ ਇਕ ਊਣਤਾਈ ਹੀ ਹੈ। (ਸ਼ਿਲਰ)

-1086-

ਜੋ ਨਸੀਹਤ ਨਹੀਂ ਸੁਣਦਾ, ਉਸ ਨੂੰ ਦੁਨੀਆਂ ਦੀ ਲਾਨ੍ਹਤ ਮੁਲ੍ਹਾਮਤ ਸੁਣਨ ਲਈ ਤਿਆਰ ਰਹਿਣਾ ਚਾਹੀਦਾ ਹੈ। (ਸ਼ੇਖ਼ ਸਾਅਦੀ)

-1087-

ਜੇ ਤੇਰੇ ਸਾਮ੍ਹਣੇ ਹੋਰਾਂ ਦੀ ਨਿੰਦਾ ਕਰਦਾ ਹੈ, ਉਹ ਹੋਰਾਂ ਦੇ ਸਾਹਮਣੇ ਤੇਰੀ ਵੀ ਨਿੰਦਾ ਕਰੇਗਾ। (ਸ਼ੇਖ਼ ਸਆਦੀ)

-1088-

ਦੋਸਤ ਉਹ ਹੈ ਜੋ ਕੈਦਖ਼ਾਨੇ ਵਰਗੀ ਮੁਸੀਬਤ ਵਿਚ ਵੀ ਕੰਮ ਆਵੇ, ਦਸਤਰਖ਼ਾਨ 'ਤੇ ਤਾਂ ਦੁਸ਼ਮਨ ਵੀ ਦੋਸਤ ਬਣਿਆ ਦਿਖਾਈ ਦਿੰਦਾ ਹੈ।

-1089-

ਕੰਜੂਸ ਦੀ ਧਰਤੀ ਵਿਚ ਦੱਬੀ ਦੌਲਤ, ਉਦੋਂ ਹੀ ਬਾਹਰ ਆਉਂਦੀ ਹੈ, ਜਦ ਉਹ ਆਪ ਧਰਤੀ ਵਿਚ ਦੱਬਿਆ ਜਾਂਦਾ ਹੈ। (ਸ਼ੇਖ਼ ਸਾਅਦੀ)

-1090-

ਭਾਵੇਂ ਅਸਾਂ ਦਿਲ ਦਰਵਾਜ਼ੇ 'ਤੇ ਲਿਖ ਛੱਡਿਆ ਹੈ – 'ਅੰਦਰ ਆਉਣਾ ਮਨ੍ਹਾ ਹੈ,' ਪਰ ਪ੍ਰੇਮ ਨੂੰ ਦੱਸੋ ਕਿਵੇਂ ਰੋਕਿਆ ਜਾਵੇ?

-1091-

ਸੱਚੀ ਦੋਸਤੀ ਦਾ ਅਸੂਲ ਹੈ ਕਿ ਜਾਣ ਵਾਲੇ ਮਹਿਮਾਨ ਨੂੰ ਜਲਦੀ ਵਿਦਾਇਗੀ ਦੇਵੇ ਤੇ ਆਉਣ ਵਾਲੇ ਮਹਿਮਾਨ ਦਾ ਭਰਵਾਂ ਸੁਆਗਤ ਕਰੇ। (ਹੋਮਰ)

-1092-

ਜਦ ਕੋਈ ਕਿਸੇ ਦੀ ਗ਼ੁਲਾਮੀ ਕਬੂਲ ਕਰ ਲੈਂਦਾ ਹੈ ਤਾਂ ਉਸ ਦੀ ਅੱਧੀ ਯੋਗਤਾ ਤਾ ਉਸੇ ਵੇਲੇ ਹੀ ਨਸ਼ਟ ਹੋ ਜਾਂਦੀ ਹੈ।

-1093-

ਜ਼ਿੰਦਗੀ ਨਾ ਸਾਲਾਂ ਨਾਲ ਸ਼ੁਰੂਹੁੰਦੀ ਹੈ, ਨਾ ਸਾਲਾਂ ਨਾਲ ਖ਼ਤਮ । ਇਸ ਦੀਆਂ ਹੱਦਾ ਆਪਣੀ ਕਿਸਮ ਦੀਆਂ ਹਨ, ਉਨ੍ਹਾਂ ਨੂੰ ਜਾਣ ਲੈਣਾ ਹੀ ਜ਼ਿੰਦਗੀ ਦਾ ਮਨੋਰਥ ਹੈ। ਸਾਲ ਨਵਾਂ ਉਨ੍ਹਾਂ ਲਈ, ਜਿਨ੍ਹਾਂ ਲਈ ਪਿਛਲਾ ਪੁਰਾਣਾ ਹੋ ਗਿਆ ਹੋਵੇ। ਪਿਛਲੀਆਂ ਘਟਨਾਵਾਂ ਅੱਲੀਆਂ ਨਵੀਆਂ ਹੀ ਹਨ, ਇਸ ਲਈ ਨਵਾਂ ਪੁਰਾਣਾ ਨਿਖੇੜਿਆ ਨਹੀਂ ਜਾ ਸਕਦਾ, ਸਭ ਨਵਾਂ ਹੈ।

-1094-

ਅਗਰ ਕੋਈ ਵਿਅਕਤੀ ਖ਼ੁਦ ਹੀ ਕੀਟ ਪਤੰਗਾ ਬਣ ਜਾਵੇ ਤਾਂ ਉਸ ਨੂੰ ਫਿਰ ਪੈਰਾਂ ਹੇਠ ਮਸਲੇ ਜਾਣ ਦੀ ਸ਼ਿਕਾਇਤ ਨਹੀਂ ਕਰਨੀ ਚਾਹੀਦੀ। (ਕਾਂਟ)

-1095-

ਵਿਸ਼ਵਾਸ-ਭਰੋਸਾ ਉਸ ਪੰਛੀ ਦੇ ਸਮਾਨ ਹੈ ਜੋ ਸਵੇਰਾ ਹੋਣ ਤੋਂ ਪਹਿਲਾਂ ਹੀ ਮੂੰਹ ਹਨੇਰੇ ਚਾਨਣ ਦਾ ਖ਼ਿਆਲ ਕਰ ਕੇ ਚਹਿਚਹਾਉਣ ਲੱਗ ਪੈਂਦਾ ਹੈ। (ਟੈਗੋਰ)

-1096-

ਜੀਵਨ ਸ਼ਕਤੀ ਦੇ ਤਿੰਨ ਸੋਮੇ ਹਨ-ਆਤਮ ਗਿਆਨ, ਆਤਮ-ਵਿਸ਼ਵਾਸ ਤੇ ਆਤਮ-ਸੰਜਮ। (ਟੈਨੀਸਨ)

-1097-

ਖ਼ੁਸ਼ ਤਬੀਅਤ ਰਹਿਣਾ ਇਕ ਐਸਾ ਲਿਬਾਸ ਹੈ ਜਿਸ ਨੂੰ ਪਹਿਨ ਕੇ ਤੁਸੀਂ ਮਹਿਫ਼ਲ ਵਿਚ ਜਾ ਸਕਦੇ ਹੋ। (ਥੈਕਰੇ)

-1098-

ਫਿਲਾਸਫੀ ਦੇ ਦੋ ਹੀ ਨਿਸ਼ਾਨੇ ਹਨ-ਸਚਾਈ ਦੀ ਖੋਜ ਤੇ ਭਲਾਈ 'ਤੇ ਅਮਲ। (ਵਾਲਟੇਅਰ)

-1099-

ਕਿਸੇ ਪੁਰਸ਼ ਜਾਂ ਨਾਰੀ ਦੇ ਸ਼ਿਸਟਾਚਾਰ ਦਾ ਪਤਾ ਓਦੋਂ ਲੱਗਦਾ ਹੈ ਕਿ ਉਹ ਲੜਾਈ ਝਗੜੇ ਸਮੇਂ ਕਿਸ ਤਰ੍ਹਾਂ ਦਾ ਵਤੀਰਾ ਧਾਰਨ ਕਰਦੇ ਹਨ। (ਬਰਨਾਰਡ ਸ਼ਾਅ)

-1100-

ਦਰਿਆ ਵਿਚ ਚੰਗੀਆਂ ਜਾਂ ਮਾੜੀਆਂ ਚੀਜ਼ਾਂ ਵੀ ਸੁੱਟ ਦਿੱਤੀਆਂ ਜਾਂਦੀਆਂ ਹਨ, ਪਰ ਦਰਿਆ ਫ਼ਰਾਖ਼ਦਿਲੀ, ਸਵੱਛਤਾ ਤੇ ਵਗਦਾ ਰਹਿਣ ਦਾ ਗੁਣ ਨਹੀਂ ਛੱਡਦਾ।

-1101-

ਮੈਨੂੰ ਮੇਰੇ ਦੋਸਤ ਤੋਂ ਬਚਾਓ, ਵੈਰੀਆਂ ਤੋਂ ਬਚਣ ਦਾ ਪ੍ਰਬੰਧ ਮੈਂ ਆਪੇ ਕਰ ਲਵਾਂਗਾ। (ਵਾਲਟੇਅਰ)

-1102-

ਹਜ਼ਾਰ ਬਚਨਾਂ ਵਿੱਚੋਂ ਮੈਂ ਚਾਰ ਚੁਣੇ ਹਨ। ਇਨ੍ਹਾਂ ਵਿੱਚੋਂ ਦੋ ਹਮੇਸ਼ਾ ਯਾਦ ਰੱਖਣ ਯੋਗ ਹਨ, ਉਹ ਹਨ-ਮਾਲਕ ਤੇ ਮੌਤ। ਤੇ ਦੋ ਭੁਲਾਉਣ ਯੋਗ ਹਨ - ਪਹਿਲੇ ਉਹ ਭਲਾਈ ਜੋ ਤੁਸਾਂ ਕਿਸੇ ਨਾਲ ਕੀਤੀ, ਦੂਜੇ ਉਹ ਬੁਰਿਆਈ ਜੋ ਤੁਹਾਡੇ ਨਾਲ ਕਿਸੇ ਨੇ ਕੀਤੀ। (ਲੁਕਮਾਨ)

-1103-

ਵਿਚਾਰ ਆਧਾਰਤ ਸੰਘਰਸ਼ ਤਾਂ ਸਾਰਥਿਕ ਹੈ ਪਰ ਨਿਰਾ ਹਥਿਆਰ ਆਧਾਰਤ ਨਿਸਫਲ।

-11●4-

ਪੰਛੀਆਂ ਵਾਂਗ ਆਕਾਸ਼ ਵਿਚ ਉੱਡਣਾ ਤੇ ਮੱਛੀਆਂ ਵਾਂਗ ਸਾਗਰਾਂ ਵਿਚ ਤਰਨਾ ਤਾਂ ਸਾਨੂੰ ਆ ਹੀ ਗਿਆ ਹੈ, ਹੁਣ ਲੋੜ ਹੈ ਅਸੀਂ ਇਨਸਾਨਾਂ ਵਾਂਗ ਧਰਤੀ ਉੱਤੇ ਸਹੀ ਤਰ੍ਹਾਂ ਚੱਲਣ ਦੀ ਜਾਚ ਵੀ ਸਿੱਖੀਏ।

(ਰਾਧਾ ਕ੍ਰਿਸ਼ਨਨ)

-11●5-

ਰੱਬ ਨਾਲ ਜਾਣ-ਪਛਾਣ ਦਾ ਕੀ ਅਰਥ, ਜੇ 'ਸਰਬ ਪ੍ਰੇਮ' ਦਾ ਅੰਮ੍ਰਿਤਪਾਨ ਨਾ ਕੀਤਾ।

-11●6-

ਨ੍ਰਿਤਕਾਰੀ ਕਲਾਕਾਰ ਪੈਰਾਂ ਦੀ ਕਵਿਤਾ ਹੈ। (ਡ੍ਰਾਇਡਨ)

-11●7-

ਜੇ ਸੰਸਾਰ- ਬਗ਼ੀਚੇ ਵਿਚ ਰਹਿਣਾ ਹੈ ਤਾਂ ਫੁੱਲਾਂ ਵਾਂਗ ਖਿੜਨਾ ਸਿੱਖੋ।

-11●8-

ਪੌਣ ਫੁੱਲਾਂ ਦੀ ਤਲਾਸ਼ ਵਿਚ ਬਾਗ਼ਾਂ ਅੰਦਰ ਘੁੰਮਦੀ ਫਿਰ ਰਹੀ ਹੈ, ਨਹੀਂ ਤਾਂ ਉਸ ਵਿਚਾਰੀ ਸੂਖਮ ਨਾਜ਼ੋ ਨੂੰ ਕੰਡੇ ਚੁਭੌਣ ਤੇ ਮਿੱਟੀ-ਘੱਟਾ ਫੱਕਣ ਦੀ ਕੀ ਲੋੜ ਸੀ।

-11●9-

ਮੈਂ ਰੰਗ-ਬਿਰੰਗੇ ਫੁੱਲ ਚੁੰਦ-ਗੁੰਦ ਕੇ ਤੇਰੇ ਲਈ ਹਾਰ ਤਿਆਰ ਕੀਤੀ ਹੈ, ਪ੍ਰੰਤੂਤੇਰੇ ਗਲ ਪਹਿਨਾਉਣ ਤੋਂ ਮੈਂ ਅਸਮਰੱਥ ਹਾਂ ਕਿਉਂਕਿ ਤੂੰ ਬਹੁਤ ਉੱਚਾ ਹੈਂ ਤੇ ਮੈਂ ਬਹੁਤ ਛੋਟਾ।

-111●-

ਜਾਂਦੇ ਜਾਂਦੇ ਪੁਸ਼ਪ ਨੇ ਕਿਹਾ, 'ਓ ਸੰਸਾਰ! ਮੈਨੂੰ ਭੁੱਲ ਨਾ ਜਾਣਾਂ, ਮੈਂ ਛੇਤੀ ਵਾਪਸ ਪਰਤਾਂਗਾ, ਕਿਸੇ ਪੁਸ਼ਪ-ਲਤਾ ਜਾਂ ਬੂਟੇ ਦਾ ਸ਼ਹਿਜ਼ਾਦਾ ਬਣ ਕੇ, ਮੇਰਾ ਕਿੱਤਾ ਮਹਿਕਾਂ ਵੰਡਣਾ ਹੈ।

-1111-

ਇਹ ਵੀ ਫੁੱਲ ਚੰਗੇ ਹਨ ਜੋ ਮੈਂ ਆਪਣੇ ਫੁੱਲਾਂ ਨਾਲ ਤੋੜੇ ਹਨ, ਇਨ੍ਹਾਂ ਤੋਂ ਵੀ ਵਧੇਰੇ ਸੁੰਦਰ ਹੋਰ ਹਨ ਜੋ ਕੁਦਰਤ ਦੀ ਗੋਦੀ ਵਿਚ ਅਜੇ ਟਾਹਣੀਆਂ 'ਤੇ ਝੂਲ ਰਹੇ ਹਨ। ਮਾਲੀ! ਤੇਰੇ ਬਾਗ਼ਾਂ ਨੂੰ ਪ੍ਰਣਾਮ ਹੈ।

-1112-

ਮਨੁੱਖ ਨੂੰ ਉਸ ਦੀ ਮਾਂ ਜਨਮ ਦੇਂਦੀ ਹੈ ਤੇ ਕੁਝ ਚਿਰ ਸੰਭਾਲਦੀ ਵੀ ਹੈ। ਪਰ ਫਿਰ ਉਹ ਆਪਣੇ ਬੱਚੇ ਨੂੰ ਸਦਾ ਜੀਉਣ-ਜੋਗੀ ਮਾਂ ਬੋਲੀ ਦੀ ਝੋਲੀ ਪਾ ਦਿੰਦੀ ਹੈ, ਜੋ ਉਸ ਨੂੰ ਉਮਰ ਭਰ ਪਾਲਦੀ ਤੇ ਸੰਭਾਲਦੀ ਹੈ। ਜਣਨ ਵਾਲੀ ਮਾਂ ਨੂੰ ਛੱਡ ਕੇ ਬੋਲੀ ਨੂੰ ਮਾਂ ਕਹਿਣ ਦਾ ਵਿਚਾਰ ਇਸੇ ਸਤਿਕਾਰ ਦਾ ਮਹਾਨ ਚਿੰਨ੍ਹ ਹੈ।

-1113-

ਆਪਣੀ ਹਸਤੀ ਦਾ ਸ੍ਵੈ ਮਾਨ ਤੇ ਆਨ ਸ਼ਾਨ ਦਾ ਅਭਿਮਾਨ ਤਿਆਗਣਾ, ਕੁਰਬਾਨੀ ਮਾਰਗ ਦਾ ਪਹਿਲਾ ਕਦਮ ਹੈ।

-1114-

ਕਲਾਕਾਰ ਕਾਲੀ ਸਿਆਹੀ ਵਿੱਚੋਂ ਵੀ ਦੁਨੀਆਂ ਨੂੰ ਦੁੱਧ ਚਿੱਟਾ ਨੂਰਾਨੀ ਪ੍ਰਕਾਸ਼ ਦਿੰਦਾ ਹੈ। ਉਸ ਦਾ ਬੁਰਸ਼ ਸੂਰਜ, ਚੰਦ ਅਤੇ ਸਿਤਾਰਿਆਂ ਨੂੰ ਅਸਮਾਨੋਂ ਧਰਤੀ 'ਤੇ ਲਿਆ ਖੜਾਂਦਾ ਹੈ। ਪੱਥਰ ਜਿਹੀਆਂ ਸਖ਼ਤ ਚੀਜ਼ਾਂ ਵਿੱਚੋਂ ਕੋਮਲਤਾ ਦੇ ਭਾਵ ਮੂਰਤੀਮਾਨ ਕਰ ਦੇਣੇ ਉਸੇ ਦੇ ਹਿੱਸੇ ਆਇਆ ਹੈ।

-1115-

ਤੁਸੀਂ ਬੀਜ ਬੀਜਣ ਦੀ ਜਾਚ ਸਿੱਖੋ, ਧਰਤੀ ਤੁਹਾਨੂੰ ਆਪਣੇ ਆਪ ਫਲ ਬਖ਼ਸ਼ੇਗੀ।

-1116-

ਕਲਾਕਾਰ ਵਿਚ ਅਭਿਮਾਨ ਨਹੀਂ ਹੁੰਦਾ। ਜਿਥੇ ਪਾਲਿਟਿਕਸ ਦੇ ਸ਼ੌਕੀਨ ਆਪਣੇ ਆਪ ਨੂੰ ਸਰਬ ਗੁਣ ਸੰਪੰਨ ਦੱਸ ਕੇ ਅਮੀਰਾਂ ਤੋਂ ਪੈਸੇ ਤੇ ਗ਼ਰੀਬਾਂ ਤੋਂ ਵੋਟ ਲੈਂਦੇ ਹਨ, ਉਥੇ ਕਲਾਕਾਰ ਆਪਣੇ ਆਪ ਨੂੰ ਛੋਟਾ ਆਖ ਕੇ ਵੱਡਾ ਹੋਣ ਦਾਂ ਸੰਦੇਸ਼ਾ ਦਿੰਦਾ ਹੈ।

-1117-

ਜ਼ਿੰਦਗੀ ਦੀ ਕਹਾਣੀ ਬਚਿੱਤ੍ਰ ਭਾਂਤ ਦੀ ਹੈ, ਕੋਈ ਵੀ ਪ੍ਰਾਣੀ ਆਪਣੇ ਆਪ ਪੂਰਨਤਾ ਨਹੀਂ ਪਾ ਸਕਦਾ, ਇਸ ਲਈ ਮਾਲਕ ਦੀ ਮਿਹਰਬਾਨੀ ਦੀ ਮੋਹਰ ਅਤਿਅੰਤ ਲਾਜ਼ਮੀ ਹੈ।

-1118-

ਮਹਾਂਪੁਰਸ਼ਾਂ ਦੇ ਦਿਲਾਂ ਦਿਮਾਗ਼ਾਂ ਜਾਂ ਕਿਤਾਬਾ ਵਿਚ ਪਏ ਵਿਚਾਰ ਵਿਚਾਰ ਹੀ ਹੁੰਦੇ ਹਨ, ਪਰ ਜਦੋਂ ਇਹ ਵਿਚਾਰ ਆਮ ਜਨਤਾ ਵਿਚ ਧੱਸ ਜਾਣ ਤਾਂ ਉਹ ਇਕ ਭਾਰੀ ਇਨਕਲਾਬੀ ਤਾਕਤ ਦਾ ਰੂਪ ਧਾਰਨ ਕਰ ਲੈਂਦੇ ਹਨ।

-1119-

ਕਾਰੂੰ ਜਾਂ ਸਿਕੰਦਰ, ਨਾਦਰ ਜਾਂ ਹਿਟਲਰ ਜੀਵਨ ਦੇ ਸੁਹਜ-ਸੁਆਦ ਵਿਚ ਵਾਧਾ ਨਹੀਂ ਕਰ ਸਕੇ। ਇਹ ਕੰਮ ਸ਼ੈਕਸਪੀਅਰ ਤੇ ਟੈਗੋਰਾਂ ਦੇ ਜ਼ੁੰਮੇ ਹੀ ਰਿਹਾ ਹੈ। ਉਹੋ ਅਸਲ ਵਿਚ ਜ਼ਿਦਗੀ ਦੇ ਸੁਆਮੀ ਤੇ ਉਸਤਾਦ ਆਖੇ ਜਾ ਸਕਦੇ ਹਨ।

-112●-

ਤੀਰਾਂ ਤਲਵਾਰਾਂ ਤੇ ਐਟਮ ਬੰਬਾ ਨਾਲ ਨਾ ਮਨੁੰਖਤਾ ਦੀ ਉਚਾਈ ਅੱਗੇ ਮਾਪੀ ਗਈ ਹੈ ਤੇ ਨਾ ਹੀ ਹੁਣ ਮਾਪੀ ਜਾਏਗੀ.... ਕਲਾ ਤਾਂ ਬੀਤੇ ਦੇ ਹੁਸਨ ਨੂੰ ਹੁਣ ਵਿਚ ਮੂਰਤੀਮਾਨ ਕਰਨ ਦੀ ਘਾਲ ਕਰਦੀ ਹੈ ਤੇ ਭਵਿੱਖ ਦੀ ਚੜ੍ਹਦੀ ਕਲਾ ਨੂੰ ਉਲੀਕ ਕੇ ਜ਼ਿੰਦਗੀ ਨੂੰ ਅਗਾਂਹ ਵਧਣ ਦੀ ਜਾਚ ਸਿਖਾਂਈ ਹੈ। ਤਿੰਨਾਂ ਸਮਿਆਂ ਨੂੰ ਇੱਕੋ ਥਾਂ ਬੰਨ੍ਹ ਦੇਣਾ ਕਲਾ ਦੀ ਕਰਾਮਾਤ ਹੈ।

-1121-

ਜਿਸ ਨੂੰ ਸੰਗੀਤ ਵਿਚ ਦਿਲਚਸਪੀ ਨਹੀਂ, ਉਸ ਨੂੰ ਨਿਸਚਿਤ ਤੌਰ 'ਤੇ ਮਨੁੱਖ ਨਹੀਂ ਕਿਹਾ ਜਾ ਸਕਦਾ।

(ਸ਼ੈਕਸਪੀਅਰ)

-1122-

ਕਾਸ਼ ! ਕਿ ਹਾਕਮ ਕਲਾਕਾਰ ਹੁੰਦੇ ਜਾਂ ਕਲਾਕਾਰ ਹਾਕਮ ਹੋ ਸਕਦੇ। ਪਰ ਇਹ ਗੱਲ ਤਾਂ ਅਣਹੋਣੀ ਰਹੀ ਹੈ। ਹਾਕਮ ਕਲਾ ਦੇ ਕਦਰਦਾਨ ਹੀ ਹੋਣ, ਇਹੋ ਕਾਫ਼ੀ ਹੈ।

-1123-

ਨ੍ਰਿਤ ਜਾਂ ਨਾਚ ਅੰਦਰਲੀ ਅਨੰਤ ਮੌਜ ਦਾ ਉਛਾਲ ਹੈ। ਸ੍ਰਿਸ਼ਟੀ ਰੱਬ ਦਾ ਨ੍ਰਿਤ ਹੈ ਜੋ ਕਿ ਜ਼ਿੰਦਗੀ ਦੇ ਮਹਾਂਨਾਚ ਰੂਪ ਵਿਚ ਸਾਰੇ ਵਿਸ਼ਵ ਵਿਚ ਹੋ ਰਿਹਾ ਹੈ। ਧਰਤੀ, ਅਸਮਾਨ, ਚੰਦ, ਸਿਤਾਰੇ, ਦੇਵੀ-ਦੇਵਤੇ ਪਸ਼ੂ-ਪੰਛੀ ਸਭ ਨੱਚ ਰਹੇ ਹਨ।

-1124-

ਮੌਤ ਬਾਅਦ ਮੁਕਤ ਅਵਸਥਾ ਕੈਸੀ ਹੋਵੇਗੀ, ਇਸਦਾ ਕਿਸੇ ਵਿਰਲੇ ਨੂੰ ਹੀ ਗਿਆਨ ਹੈ। ਪਰ ਜਿਉਂਦੇ-ਜੀਅ ਹਰਖ ਸੋਗ, ਰਾਗ ਦ੍ਵੈਖ ਤੇ ਮਾਨ ਅਪਮਾਨ ਦੇ ਮਾੜੇ ਅਸਰਾਂ ਤੋਂ ਖ਼ਲਾਸੀ ਪਾ ਕੇ ਜ਼ਿੰਦਗੀ ਬਸਰ ਕਰਨਾ ਇਕ ਵੱਡੀ ਪ੍ਰਾਪਤੀ ਹੈ। ਜਿਸ ਨੇ ਇਹ ਅਵਸਥਾ ਹਾਸਲ ਕਰ ਲਈ, ਉਹ ਜੀਵਨ-ਮੁਕਤ ਹੈ।

-1125-

ਬੱਚਾ ਦੁਨੀਆਂ ਦਾ ਪਹਿਲਾ ਤੇ ਅਖ਼ੀਰਲਾ ਫਿਲਾਸਫਰ ਹੈ ਜੋ ਦੁਨੀਆਂ ਨੂੰ ਤਮਾਸ਼ਾ ਸਮਝਦਾ ਹੈ।

(ਵਿਕਟਰ ਹਿਊਗੋ)

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882